Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 308 | 29/04/2026 | www.samajweekly.com | samajweekly | @samajweekly | samajweekly

# ਮੁੰਬਈ ਵਿੱਚ ''ਪਹਿਲਗਾਮ ਅਟੈਕ ਵਰਗਾ ਹਮਲਾ

## ਨਾਮ ਤੇ ਧਰਮ ਪੁੱਛਿਆ, ਫਿਰ ਕਲਮਾ ਪੜ੍ਹਨ ਲਈ ਕਿਹਾ... ਮੁੰਬਈ 'ਚ ਗਾਰਡਾਂ 'ਤੇ ਚਾਕੂ ਨਾਲ ਹਮਲਾ

**ਨਵੀਂ ਦਿੱਲੀ:** ਮੁੰਬਈ ਦੇ ਮੀਰਾ ਰੋਡ ਦੇ ਨਯਾ ਨਗਰ ਇਲਾਕੇ ਵਿੱਚ ਦੋ ਸੁਰੱਖਿਆ ਗਾਰਡਾਂ 'ਤੇ ਹੋਏ ਹਮਲੇ ਦੀ ਜਾਂਚ ਮੁੰਬਈ ਐਂਟੀ ਟੈਰੋਰਿਜ਼ਮ ਸਕੁਐਡ ਨੇ ਸ਼ੁਰੂ ਕਰ ਦਿੱਤੀ ਹੈ। ਸੁਰੱਖਿਆ ਏਜੰਸੀਆਂ ਇਸ ਨੂੰ ਇੱਕ ਸੰਭਾਵਤ "ਲੋਨ ਵੁਲਫ" (ਇਕੱਲੇ ਹਮਲਾ ਕਰਨ ਵਾਲੇ) ਅੱਤਵਾਦੀ ਹਮਲੇ ਵਜੋਂ ਦੇਖ ਰਹੀਆਂ ਹਨ। ਜ਼ਿਕਰਯੋਗ ਹੈ ਕਿ ਮੁਲਜ਼ਮ ਜੈਬ ਜ਼ੁਬੈਰ ਅੰਸਾਰੀ (31) ਨੇ ਉੱਥੇ ਡਿਊਟੀ 'ਤੇ ਤਾਇਨਾਤ ਦੋ ਸੁਰੱਖਿਆ ਗਾਰਡਾਂ ਨੂੰ ਨਿਸ਼ਾਨਾ ਬਣਾਇਆ ਸੀ।

**ਧਰਮ ਪੁੱਛ ਕੇ ਗਾਰਡਾਂ ਨਾਲ ਕੀਤੀ ਕੁੱਟਮਾਰ**

ਚਸ਼ਮਦੀਦਾਂ ਦਾ ਦਾਅਵਾ ਹੈ ਕਿ ਮੁਲਜ਼ਮ ਨੇ ਪਹਿਲਾਂ ਦੋਵਾਂ ਗਾਰਡਾਂ ਤੋਂ ਰਸਤਾ ਪੁੱਛਿਆ ਸੀ ਅਤੇ ਫਿਰ ਵਾਪਸ ਆ ਕੇ ਉਨ੍ਹਾਂ ਦਾ ਧਰਮ ਪੁੱਛਿਆ। ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਮੁਲਜ਼ਮ ਨੇ ਦੋਵਾਂ ਗਾਰਡਾਂ ਵਿੱਚੋਂ ਇੱਕ ਨੂੰ ਇਸਲਾਮਿਕ ਕਲਮਾ ਪੜ੍ਹਨ ਲਈ ਮਜਬੂਰ ਕੀਤਾ ਅਤੇ ਜਦੋਂ ਉਹ ਅਜਿਹਾ ਨਹੀਂ ਕਰ ਸਕਿਆ, ਤਾਂ ਮੁਲਜ਼ਮ ਨੇ ਉਨ੍ਹਾਂ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ। ਜ਼ਖਮੀ ਗਾਰਡ ਫਿਲਹਾਲ ਹਸਪਤਾਲ ਵਿੱਚ ਦਾਖਲ ਹਨ।



**ਮੁਲਜ਼ਮ ਦੇ ਘਰੋਂ ਮਿਲੇ ਕਈ ਸ਼ੱਕੀ ਨੋਟ**

ਪੁਲਿਸ ਨੇ ਜਦੋਂ ਅੰਸਾਰੀ ਨੂੰ ਗ੍ਰਿਫਤਾਰ ਕਰਕੇ ਉਸ ਦੇ ਘਰ ਦੀ ਤਲਾਸ਼ੀ ਲਈ, ਤਾਂ ਜਾਂਚ ਟੀਮ ਨੂੰ ਹੱਥ ਨਾਲ ਲਿਖੇ ਕੁਝ ਨੋਟ ਮਿਲੇ, ਜਿਨ੍ਹਾਂ ਵਿੱਚ ਉਸ ਨੇ ਜ਼ਿਸ਼ਸ਼ ਵਿੱਚ ਸ਼ਾਮਲ ਹੋਣ ਦੀ ਇੱਛਾ ਜਤਾਈ ਸੀ। ਸੂਤਰਾਂ ਅਨੁਸਾਰ, ਇਨ੍ਹਾਂ ਨੋਟਾਂ ਵਿੱਚ ਮੁਲਜ਼ਮ ਨੇ ਇਸ ਹਮਲੇ ਨੂੰ ਕਿਸੇ ਅੱਤਵਾਦੀ ਸੰਗਠਨ ਵਿੱਚ ਸ਼ਾਮਲ ਹੋਣ ਦੀ ਦਿਸ਼ਾ ਵਿੱਚ ਆਪਣਾ ਪਹਿਲਾ ਕਦਮ ਦੱਸਿਆ ਸੀ।

**ਅਮਰੀਕਾ ਤੋਂ ਪਰਤਿਆ ਸੀ ਮੁਲਜ਼ਮ:** ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਜੈਬ ਜ਼ੁਬੈਰ ਅੰਸਾਰੀ ਸਾਇੰਸ ਗ੍ਰੈਜੂਏਟ ਸੀ ਅਤੇ ਕਈ ਸਾਲਾਂ ਤੱਕ ਅਮਰੀਕਾ ਵਿੱਚ ਰਿਹਾ ਸੀ। ਅਮਰੀਕਾ ਵਿੱਚ ਨੌਕਰੀ ਨਾ ਮਿਲਣ ਕਾਰਨ ਉਹ ਭਾਰਤ ਪਰਤ ਆਇਆ ਅਤੇ ਮੀਰਾ ਰੋਡ 'ਤੇ ਇਕੱਲਾ ਰਹਿੰਦਾ ਸੀ, ਜਿੱਥੇ ਉਹ ਆਨਲਾਈਨ ਕੈਮਿਸਟਰੀ ਕੋਚਿੰਗ ਦਿੰਦਾ ਸੀ। ਮੰਨਿਆ ਜਾ ਰਿਹਾ ਹੈ ਕਿ ਇਕੱਲੇ ਰਹਿਣ ਦੌਰਾਨ ਮੁਲਜ਼ਮ ਇੰਟਰਨੈੱਟ ਰਾਹੀਂ ਕੱਟੜਪੰਥੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਗਿਆ। ਏਜੰਸੀਆਂ ਹੁਣ ਉਸ ਦੇ ਮੋਬਾਈਲ ਫੋਨ ਅਤੇ ਲੈਪਟਾਪ ਦੇ ਡਿਜੀਟਲ ਫੁਟਪ੍ਰਿੰਟਸ ਦੀ ਜਾਂਚ ਕਰ ਰਹੀਆਂ ਹਨ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਉਹ ਸਰਹੱਦ ਪਾਰ ਬੈਠੇ ਕਿਸੇ ਹੈਂਡਲਰ ਦੇ ਸਿੱਧੇ ਸੰਪਰਕ ਵਿੱਚ ਸੀ।

# ਇਰਾਨ ਮੰਦਹਾਲੀ ਕਾਰਨ ਜਲਦੀ ਖੋਲ੍ਹਣਾ ਚਾਹੁੰਦਾ ਹੈ ਹੋਰਮੁਜ਼ ਜਲਮਾਰਗ

**ਅਮਰੀਕੀ ਰਾਸ਼ਟਰਪਤੀ ਨੇ ਮਾਲਵਾਹਕ ਜਹਾਜ਼ਾਂ ਦੀ ਆਵਾਜਾਈ ਜਲਦੀ ਹੀ ਆਮ ਵਾਂਗ ਜਲਦੀ ਬਹਾਲ ਹੋਣ ਦਾ ਦਾਅਵਾ ਕੀਤਾ**

**ਵਾਸ਼ਿੰਗਟਨ**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅੱਜ ਦਾਅਵਾ ਕਰਦਿਆਂ ਕਿਹਾ ਹੈ ਕਿ ਇਰਾਨ ਇਸ ਸਮੇਂ ਪੂਰੀ ਤਰ੍ਹਾਂ ਢਹਿ-ਢੇਰੀ ਹੋਣ ਦੀ ਕਗਾਰ 'ਤੇ ਪਹੁੰਚ ਚੁੱਕਾ ਹੈ। ਟਰੰਪ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸਾਂਝੀ ਕਰਦਿਆਂ ਦੱਸਿਆ ਕਿ ਇਰਾਨ ਨੇ ਖ਼ੁਦ ਅਮਰੀਕਾ ਨੂੰ ਸੂਚਿਤ ਕੀਤਾ ਹੈ ਕਿ ਉਹ ਬਹੁਤ ਹੀ ਮਾੜੇ ਹਾਲਾਤ ਵਿੱਚੋਂ ਗੁਜ਼ਰ ਰਿਹਾ ਹੈ ਅਤੇ ਹੁਣ ਉਹ ਚਾਹੁੰਦਾ ਹੈ ਕਿ ਹੋਰਮੁਜ਼ ਜਲਮਾਰਗ ਨੂੰ ਜਿੰਨੀ ਜਲਦੀ ਹੋ ਸਕੇ ਦੁਬਾਰਾ ਖੋਲ੍ਹ ਦਿੱਤਾ ਜਾਵੇ। ਟਰੰਪ ਅਨੁਸਾਰ ਇਰਾਨ ਇਸ ਵਕਤ ਆਪਣੇ ਦੇਸ਼ ਅੰਦਰ ਚੱਲ ਰਹੇ ਲੀਡਰਸ਼ਿਪ ਦੇ ਸੰਕਟ ਨੂੰ ਸੁਲਝਾਉਣ ਦੀਆਂ ਕੋਸ਼ਿਸ਼ਾਂ ਵਿੱਚ ਜੁਟਿਆ ਹੋਇਆ ਹੈ। ਰਾਸ਼ਟਰਪਤੀ ਟਰੰਪ ਨੇ ਅੱਗੇ ਲਿਖਿਆ ਕਿ ਉਹਨਾਂ ਨੂੰ ਪੂਰਾ ਭਰੋਸਾ ਹੈ ਕਿ ਇਰਾਨ ਇਸ ਔਖੀ ਘੜੀ ਵਿੱਚੋਂ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਜਾਵੇਗਾ। ਉਹਨਾਂ ਮੁਤਾਬਕ ਇਰਾਨ ਦੀ ਮੁੱਖ ਕੋਸ਼ਿਸ਼ ਇਹ ਹੈ



ਕਿ ਹੋਰਮੁਜ਼ ਜਲਮਾਰਗ ਰਾਹੀਂ ਸਮੁੰਦਰੀ ਜਹਾਜ਼ਾਂ ਦੀ ਆਵਾਜਾਈ ਨੂੰ ਮੁੜ ਤੋਂ ਆਮ ਵਾਂਗ ਕੀਤਾ ਜਾਵੇ ਤਾਂ ਜੋ ਆਰਥਿਕ ਗਤੀਵਿਧੀਆਂ ਸ਼ੁਰੂ ਹੋ ਸਕਣ। ਇਸ ਤੋਂ ਪਹਿਲਾਂ ਤਹਿਰਾਨ ਵੱਲੋਂ ਆਈਆਂ ਰਿਪੋਰਟਾਂ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਇਰਾਨ ਨੇ ਜੰਗ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਅਤੇ ਸਮੁੰਦਰੀ ਨਾਕੇਬੰਦੀ ਹਟਾਉਣ ਦੀ ਸ਼ਰਤ 'ਤੇ ਇਸ ਜਲਮਾਰਗ ਨੂੰ ਖੋਲ੍ਹਣ ਦਾ ਪ੍ਰਸਤਾਵ ਰੱਖਿਆ ਹੈ। ਦੂਜੇ ਪਾਸੇ, ਲੈਬਨਾਨ ਦੇ ਸਰਹੱਦੀ ਇਲਾਕਿਆਂ ਵਿੱਚ ਤਣਾਅ ਨੂੰ ਦੇਖਦੇ ਹੋਏ ਪੁਲੀਸ ਲਗਾਤਾਰ ਸਥਿਤੀ 'ਤੇ ਨਜ਼ਰ ਰੱਖ ਰਹੀ ਹੈ ਤਾਂ ਜੋ ਅਮਨ-ਸ਼ਾਂਤੀ ਬਣੀ ਰਹੇ। ਜ਼ਿਕਰਯੋਗ ਹੈ ਕਿ ਹੋਰਮੁਜ਼ ਜਲ ਮਾਰਗ ਵਿਚ ਜਹਾਜ਼ਾਂ ਦੀ ਆਵਾਜਾਈ ਬਹਾਲ ਨਾ ਹੋਣ ਕਾਰਨ ਮਹਿੰਗਾਈ ਵੱਧ ਰਹੀ ਹੈ।

# ਸੁਪਰੀਮ ਕੋਰਟ ਨਫ਼ਰਤੀ ਭਾਸ਼ਣਾਂ 'ਤੇ 29 ਅਪਰੈਲ ਨੂੰ ਸੁਣਾਏਗੀ ਫੈਸਲਾ

**ਨਵੀਂ ਦਿੱਲੀ**

ਸੁਪਰੀਮ ਕੋਰਟ ਨਫ਼ਰਤੀ ਭਾਸ਼ਣਾਂ ਨਾਲ ਸਬੰਧਤ ਕਈ ਪਟੀਸ਼ਨਾਂ 'ਤੇ ਬੁੱਧਵਾਰ 29 ਅਪਰੈਲ ਨੂੰ ਆਪਣਾ ਅਹਿਮ ਫੈਸਲਾ ਸੁਣਾਏਗੀ। ਅਦਾਲਤ ਦੀ 29 ਅਪਰੈਲ ਦੀ ਕਾਰਜ ਸੂਚੀ ਅਨੁਸਾਰ ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦਾ ਬੈਂਚ ਇਹ ਫੈਸਲਾ ਸੁਣਾਏਗਾ। ਇਸ ਤੋਂ ਪਹਿਲਾਂ 20 ਜਨਵਰੀ ਨੂੰ ਅਦਾਲਤ ਨੇ ਸੰਕੇਤ ਦਿੱਤੇ ਸਨ ਕਿ ਉਹ 2021 ਤੋਂ ਲੰਬਿਤ ਪਈਆਂ ਉਨ੍ਹਾਂ ਜ਼ਿਆਦਾਤਰ ਪਟੀਸ਼ਨਾਂ ਨੂੰ ਬੰਦ ਕਰ ਦੇਵੇਗੀ, ਜਿਨ੍ਹਾਂ ਵਿੱਚ ਅਦਾਲਤ ਨੇ ਪੁਲੀਸ ਨੂੰ ਖੁਦ ਹੀ ਐਫਆਈਆਰ ਦਰਜ ਕਰਨ ਦੇ ਹੁਕਮ ਦਿੱਤੇ ਸਨ। ਕੇਂਦਰ ਸਰਕਾਰ, ਦਿੱਲੀ ਪੁਲੀਸ ਅਤੇ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਇਹ ਦਾਅਵਾ ਕੀਤੇ ਜਾਣ ਤੋਂ ਬਾਅਦ ਕਿ ਉਨ੍ਹਾਂ ਨੇ ਅਦਾਲਤ ਦੇ ਨਿਰਦੇਸ਼ਾਂ ਦੀ ਵੱਡੀ ਪੱਧਰ 'ਤੇ ਪਾਲਣਾ ਕੀਤੀ ਹੈ, ਬੈਂਚ ਨੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ। ਅਦਾਲਤ ਨੇ ਕਿਹਾ ਸੀ ਕਿ ਜੇਕਰ ਪਟੀਸ਼ਨਰ ਚਾਹੁਣ ਤਾਂ ਉਹ ਕਾਨੂੰਨ ਅਨੁਸਾਰ ਹੋਰ



ਰਾਹ ਚੁਣ ਸਕਦੇ ਹਨ। ਸੁਪਰੀਮ ਕੋਰਟ ਨੇ ਨਫ਼ਰਤ ਭਰੇ ਭਾਸ਼ਣਾਂ ਨੂੰ ਇੱਕ ਬਹੁਤ ਹੀ ਗੰਭੀਰ ਅਪਰਾਧ ਕਰਾਰ ਦਿੱਤਾ ਹੈ, ਜੋ ਦੇਸ਼ ਦੇ ਧਰਮ ਨਿਰਪੱਖ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਦੀ ਸਮਰੱਥਾ ਰੱਖਦਾ ਹੈ। ਅਦਾਲਤ ਨੇ 28 ਅਪਰੈਲ 2023 ਦੇ ਆਪਣੇ ਪੁਰਾਣੇ ਹੁਕਮਾਂ ਦਾ ਦਾਇਰਾ ਵਧਾਉਂਦਿਆਂ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਨਫ਼ਰਤ ਭਰੇ ਭਾਸ਼ਣ ਦੇਣ ਵਾਲਿਆਂ ਵਿਰੁੱਧ ਤੁਰੰਤ ਮਾਮਲੇ ਦਰਜ ਕਰਨ, ਚਾਹੇ ਇਸ ਸਬੰਧੀ ਕੋਈ ਰਸਮੀ ਸ਼ਿਕਾਇਤ ਮਿਲੀ ਹੋਵੇ ਜਾਂ ਨਾ। ਅਦਾਲਤ ਨੇ ਸਪੱਸ਼ਟ ਚੇਤਾਵਨੀ ਦਿੱਤੀ ਸੀ ਕਿ ਅਜਿਹੇ ਮਾਮਲਿਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਦੇਰੀ ਨੂੰ ਅਦਾਲਤ ਦੀ ਮਾਣਹਾਨੀ ਮੰਨਿਆ ਜਾਵੇਗਾ। ਸੁਪਰੀਮ ਕੋਰਟ ਨੇ 21 ਅਕਤੂਬਰ 2022 ਨੂੰ ਦਿੱਤੇ ਆਪਣੇ ਹੁਕਮ ਵਿੱਚ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਨਫ਼ਰਤ ਭਰੇ ਭਾਸ਼ਣ ਵਿਰੁੱਧ ਕਾਰਵਾਈ ਕਿਸੇ ਵੀ ਧਰਮ ਦੇ ਵਿਤਕਰੇ ਤੋਂ ਬਿਨਾਂ ਕੀਤੀ ਜਾਵੇਗੀ। ਅਦਾਲਤ ਨੇ ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਦਿੱਲੀ ਨੂੰ ਪਹਿਲ ਦੇ ਆਧਾਰ 'ਤੇ ਅਪਰਾਧਿਕ ਮਾਮਲੇ ਦਰਜ ਕਰਨ ਲਈ ਕਿਹਾ ਸੀ। ਅਦਾਲਤ ਦਾ ਕਹਿਣਾ ਹੈ ਕਿ ਭਾਰਤੀ ਸੰਵਿਧਾਨ ਇੱਕ ਧਰਮ ਨਿਰਪੱਖ ਰਾਸ਼ਟਰ ਦੀ ਕਲਪਨਾ ਕਰਦਾ ਹੈ, ਇਸ ਲਈ ਪ੍ਰਸ਼ਾਸਨ ਜਾਂ ਪੁਲੀਸ ਵੱਲੋਂ ਇਸ ਗੰਭੀਰ ਮੁੱਦੇ 'ਤੇ ਕਿਸੇ ਵੀ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਹ ਪੂਰਾ ਮਾਮਲਾ ਪਹਿਲਾਂ ਸਿਰਫ਼ ਤਿੰਨ ਰਾਜਾਂ ਤੱਕ ਸੀਮਤ ਸੀ, ਪਰ ਬਾਅਦ ਵਿੱਚ ਇੱਕ ਨਵੀਂ ਅਰਜ਼ੀ ਰਾਹੀਂ ਇਸ ਨੂੰ ਪੂਰੇ ਦੇਸ਼ ਵਿੱਚ ਲਾਗੂ ਕਰਨ ਦੀ ਮੰਗ ਕੀਤੀ ਗਈ ਸੀ।

# ਸ਼ੰਭੂ ਧਮਾਕਾ ਮਾਮਲੇ ਵਿੱਚ ਪਾਕਿਸਤਾਨੀ ਆਈ ਐਸ ਆਈ ਨਾਲ ਜੁੜੇ 4 ਅੱਤਵਾਦੀ ਗ੍ਰਿਫ਼ਤਾਰ

**ਪਟਿਆਲਾ**

ਪਟਿਆਲਾ ਪੁਲੀਸ ਨੇ ਖਾਲਿਸਤਾਨ ਪੱਖੀ ਅੱਤਵਾਦੀ ਗਿਰੋਹ ਦੇ 4 ਮੈਂਬਰਾਂ ਨੂੰ ਭਾਰੀ ਮਾਤਰਾ ਵਿੱਚ ਹਥਿਆਰਾਂ ਸਮੇਤ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਪਟਿਆਲਾ ਪੁਲੀਸ ਵੱਲੋਂ ਘਟਨਾ ਸਥਾਨ ਤੇ ਮਾਰੇ ਗਏ ਤਰਨ ਤਾਰਨ ਦੇ ਪਿੰਡ ਪੰਜਵੜ ਦੇ ਜਗਰੂਪ ਸਿੰਘ ਦਾ ਭਰਾ ਸਤਨਾਮ ਸਿੰਘ ਵਾਸੀ ਪੰਜਵੜ ਸਮੇਤ ਚਾਰ ਨੌਜਵਾਨ ਗ੍ਰਿਫ਼ਤਾਰ ਕੀਤੇ ਗਏ ਹਨ। ਇਸ ਸੰਬੰਧੀ ਪੱਤਰਕਾਰ ਸੰਮੇਅਲਨ ਦੌਰਾਨ ਡੀ. ਆਈ. ਜੀ. ਪਟਿਆਲਾ ਰੇਂਜ ਕੁਲਦੀਪ ਚਾਹਲ ਅਤੇ ਐਸ. ਐਸ. ਪੀ. ਪਟਿਆਲਾ ਵਰੁਣ ਸ਼ਰਮਾ ਨੇ ਕਿਹਾ ਕਿ ਸ਼ੰਭੂ ਨੇੜੇ ਰੇਲਵੇ ਟਰੈਕ ਤੇ ਦੇਰ ਰਾਤ ਹੋਏ ਧਮਾਕੇ ਦੀ ਕੋਸ਼ਿਸ਼ ਲਈ ਜ਼ਿੰਮੇਵਾਰ ਇੱਕ ਅੱਤਵਾਦੀ ਗਿਰੋਹ ਦੇ ਚਾਰ ਮੈਂਬਰਾਂ ਨੂੰ ਕਾਬੂ ਕੀਤਾ ਗਿਆ ਹੈ। ਗ੍ਰਿਫਤਾਰ ਮੁਲਜ਼ਮਾਂ ਵਿੱਚ ਪ੍ਰਦੀਪ ਸਿੰਘ ਖਾਲਸਾ, ਕੁਲਵਿੰਦਰ ਸਿੰਘ ਬੱਗਾ ਦੋਵੇਂ ਵਾਸੀ ਜ਼ਿਲ੍ਹਾ ਮਾਨਸਾ ਅਤੇ ਗੁਰਪ੍ਰੀਤ ਸਿੰਘ ਗੋਪੀ ਵਾਸੀ ਤਰਨ ਤਾਰਨ ਦੇ ਨਾਂ ਸ਼ਾਮਿਲ ਹਨ। ਉਹਨਾਂ ਕਿਹਾ ਕਿ ਮੁਲਜਮਾਂ ਨੂੰ ਸੀ ਆਈ ਏ ਇੰਚਾਰਜ ਪ੍ਰਦੀਪ ਬਾਜਵਾ ਅਤੇ ਥਾਣਾ ਕੋਤਵਾਲੀ ਪਟਿਆਲਾ ਦੇ ਇੰਚਾਰਜ ਜਸਪ੍ਰੀਤ ਕਾਹਲੋਂ ਵੱਲੋਂ ਡੀ ਐਸ ਪੀ (ਡੀ) ਸੁਖ ਅੰਮ੍ਰਿਤ ਸਿੰਘ ਰੰਧਾਵਾ ਅਤੇ ਡੀ ਐਸ ਪੀ (ਸਿਟੀ 2) ਸਤਨਾਮ ਸਿੰਘ ਸੰਘਾ ਦੀ ਅਗਵਾਈ ਹੇਠ ਪਟਿਆਲਾ ਸ਼ਹਿਰ ਦੇ ਇਲਾਕੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਖ਼ਿਲਾਫ਼ ਕਈ ਮਾਮਲੇ ਦਰਜ ਹਨ। ਡੀ. ਆਈ. ਜੀ. ਚਾਹਲ ਨੇ ਦੱਸਿਆ ਕਿ ਪ੍ਰਦੀਪ ਸਿੰਘ ਖਾਲਸਾ ਇਸ ਗਿਰੋਹ ਦਾ ਮੁੱਖ ਸਰਗਨਾ ਸੀ ਅਤੇ ਉਹ ਮਲੇਸ਼ੀਆ ਸਥਿਤ ਖਾਲਿਸਤਾਨ ਪੱਖੀ



ਅੱਤਵਾਦੀ ਦੇ ਨਜ਼ਦੀਕੀ ਹੋਣ ਦੇ ਨਾਲ-ਨਾਲ ਪਾਕਿ-ਸਤਾਨ ਸਥਿਤ ਹਥਿਆਰਾਂ ਦੇ ਸਪਲਾਇਰਾਂ ਨਾਲ ਵੀ ਨਜ਼ਦੀਕੀ ਸੰਪਰਕ ਵਿੱਚ ਸੀ। ਉਹਨਾਂ ਦੱਸਿਆ ਕਿ ਉਹ ਵੱਖਵਾਦੀ ਨੌਜਵਾਨਾਂ ਨੂੰ ਅੱਤਵਾਦੀ ਸਿਖਲਾਈ ਲਈ ਮਲੇਸ਼ੀਆ ਭੇਜਦਾ ਸੀ ਅਤੇ ਫਿਰ ਉਨ੍ਹਾਂ ਨੂੰ ਅੱਤਵਾਦੀ ਗਤੀਵਿਧੀਆਂ ਦੇ ਕੰਮ ਸੌਂਪਦਾ ਸੀ। ਉਸ ਨੇ 'ਚਲਦਾ ਵਹੀਰ ਚੱਕਰਵਰਤੀ ਅਟਾਰੀਏ' ਦੇ ਨਾਂ ਤੇ ਇਕ ਵੱਖਵਾਦੀ ਜਥੇਬੰਦੀ ਵੀ ਬਣਾਈ ਹੋਈ ਸੀ। ਪੁਲੀਸ ਨੇ ਆਰੋਪੀਆਂ ਤੋਂ ਇੱਕ ਹੈਂਡ ਗ੍ਰੇਨੇਡ, ਦੋ .30 ਬੋਰ ਪਿਸਤੌਲ ਸਮੇਤ ਗੋਲਾ ਬਾਰੂਦ, ਹੋਰ ਤਕਨੀਕੀ ਤੌਰ ਤੇ ਆਧੁਨਿਕ ਸੰਚਾਰ ਉਪਕਰਨ ਅਤੇ ਲੈਪਟਾਪ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ ਜਿਸ ਨਾਲ ਉਹ ਮਲੇਸ਼ੀਆ ਸਥਿਤ ਆਪਣੇ ਹੈਂਡਲਰਾਂ ਅਤੇ ਹਥਿਆਰਾਂ ਦੇ ਸਪਲਾਇਰਾਂ ਨਾਲ ਗੱਲਬਾਤ ਕਰਦੇ ਸਨ। ਐਸ. ਐਸ. ਪੀ. ਨੇ ਕਿਹਾ ਕਿ ਉਹ ਜਨਤਕ ਬੁਨਿਆਦੀ ਢਾਂਚੇ ਅਤੇ ਜਾਇਦਾਦਾਂ ਤੇ ਹੋਰ ਹਮਲੇ ਕਰਨ ਦੀ ਯੋਜਨਾ ਬਣਾ ਰਹੇ ਸਨ। ਇੱਥੇ ਜ਼ਿਕਰਯੋਗ ਹੈ ਕਿ ਸ਼ੰਭੂ-ਅੰਬਾਲਾ ਰੇਲ ਮਾਰਗ ਤੇ ਬੀਤੀ ਰਾਤ ਧਮਾਕਾ ਹੋਇਆ ਸੀ, ਜਿਸ ਵਿੱਚ ਸ਼ੰਭੂ ਕੋਲ ਰੇਲਵੇ ਲਾਈਨ ਨੁਕਸਾਨੀ ਗਈ ਸੀ।

# ਸਰੀ 'ਚ 1400 ਵਿਦਿਆਰਥੀਆਂ ਦੀ ਗੂੰਜੀ ਸੁਰਲੀ ਆਵਾਜ਼

**ਵੈਨਕੂਵਰ, (ਮਲਕੀਤ ਸਿੰਘ)** – ਕੈਨੇਡਾ ਦੇ ਸਰੀ ਸ਼ਹਿਰ ਵਿੱਚ ਆਯੋਜਿਤ ਸਕੂਲ ਡਿਸਟ੍ਰਿਕਟ ਕੋਰਲ ਫੈਸਟਿਵਲ ਦੌਰਾਨ ਲਗਭਗ 1400 ਵਿਦਿਆਰਥੀਆਂ ਵੱਲੋਂ ਇਕੱਠੇ ਗਰੁੱਪ ਗੀਤ ਪੇਸ਼ ਕਰਕੇ ਦਰਸ਼ਕਾਂ ਨੂੰ ਮੋਹ ਲਿਆ ਗਿਆ। ਇਹ ਵਿਸ਼ਾਲ ਸੰਗੀਤਕ ਸਮਾਗਮ ਬੈਲ ਪਰਫਾਰਮਿੰਗ ਆਰਟਸ ਸੈਂਟਰ ਵਿੱਚ ਕਰਵਾਇਆ ਗਿਆ, ਜਿੱਥੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਆਪਣੀ ਸੰਗੀਤਕ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਫੈਸਟਿਵਲ ਵਿੱਚ ਸਰੀ ਸਕੂਲ ਡਿਸਟ੍ਰਿਕਟ ਦੇ ਕਈ ਐਲੀਮੈਂਟਰੀ ਸਕੂਲਾਂ ਦੇ



ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਸੰਗੀਤ ਅਧਿਆਪਕਾਂ ਦੀ ਰਹਿਨੁਮਾਈ ਹੇਠ ਕਈ ਪ੍ਰੇਰਣਾਦਾਇਕ ਅਤੇ ਮਨਮੋਹਕ ਗੀਤ ਪੇਸ਼ ਕੀਤੇ। ਸਮੂਹ ਗਾਇਨ ਦੌਰਾਨ ਵਿਦਿਆਰਥੀਆਂ ਦੀ ਸੁਰ-ਤਾਲ ਅਤੇ ਅਨੁਸ਼ਾਸਨ ਨੇ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਇਸ ਸਮਾਗਮ ਦਾ ਮਕਸਦ ਬੱਚਿਆਂ ਵਿੱਚ ਸੰਗੀਤ ਪ੍ਰਤੀ ਰੁਚੀ ਵਧਾਉਣ ਅਤੇ ਉਨ੍ਹਾਂ ਦੀ ਰਚਨਾਤਮਕ ਯੋਗਤਾਵਾਂ ਨੂੰ ਮੰਚ ਮੁਹੱਈਆ ਕਰਵਾਉਣਾ ਸੀ। ਅਧਿਆਪਕਾਂ ਅਤੇ ਆਯੋਜਕਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਵਿਦਿਆਰਥੀਆਂ ਦੇ ਆਤਮ-ਵਿਸ਼ਵਾਸ ਨੂੰ ਮਜ਼ਬੂਤ ਕਰਦੇ ਹਨ ਸਮਾਗਮ ਵਿੱਚ ਮਾਪਿਆਂ ਅਤੇ ਕਮਿਊਨਿਟੀ ਮੈਂਬਰਾਂ ਦੀ ਵੱਡੀ ਗਿਣਤੀ ਨੇ ਸ਼ਮੂਲੀਅਤ ਕੀਤੀ ਅਤੇ ਵਿਦਿਆਰਥੀਆਂ ਦੀ ਪੇਸ਼ਕਾਰੀ ਨੂੰ ਖੂਬ ਸਲਾਹਿਆ।

ਫੋਟੋ ਕੈਪਸ਼ਨ: ਸਰੀ ਦੇ ਬੈਲ ਪਰਫਾਰਮਿੰਗ ਆਰਟਸ ਸੈਂਟਰ ਵਿੱਚ ਕੋਰਲ ਫੈਸਟਿਵਲ ਦੌਰਾਨ ਗਰੁੱਪ ਗੀਤ ਪੇਸ਼ ਕਰਦੇ ਵਿਦਿਆਰਥੀ।

# ਡੈਣ ਹੋਣ ਦੇ ਸ਼ੱਕ ਕਾਰਨ ਨੌਜਵਾਨ ਵੱਲੋਂ ਔਰਤ ਦਾ ਡੰਡਿਆਂ ਨਾਲ ਕੁੱਟ-ਕੁੱਟ ਕੇ ਕਤਲ

**ਦੁਮਕਾ,** ।ਝਾਰਖੰਡ ਦੇ ਦੁਮਕਾ ਦੇ ਮੁਫੱਸਿਲ ਥਾਣਾ ਖੇਤਰ ਦੇ ਪਿੰਡ ਡੁਮਰਸੋਲ ਵਿੱਚ ਬੀਤੀ ਦੇਰ ਸ਼ਾਮ ਪਿਤਾ ਨਾ ਬਣ ਸਕਣ ਤੋਂ ਨਾਰਾਜ਼ ਇੱਕ ਗੁਆਂਢੀ ਨੌਜਵਾਨ ਨੇ 55 ਸਾਲਾ ਵਿਧਵਾ ਪੱਕੂ ਹੇਂਬਰਮ ਨੂੰ ਡੈਣ ਮੰਨ ਕੇ ਆਪਣੇ ਹੀ ਘਰ ਵਿੱਚ ਲਾਠੀਆਂ ਨਾਲ ਕੁੱਟ-ਕੁੱਟ ਕੇ ਉਸ ਦਾ ਕਤਲ ਕਰ ਦਿੱਤਾ। ਪੁਲੀਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈਣ ਤੋਂ ਬਾਅਦ ਮੁਲਜ਼ਮ ਮੁਨਸ਼ੀ ਟੂਡੂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਅੱਜ ਸਵੇਰੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ।



ਮੁਨਸ਼ੀ ਦਾ ਵਿਆਹ 10 ਸਾਲ ਪਹਿਲਾਂ ਹੋਇਆ ਸੀ। ਉਸ ਦਾ ਕਹਿਣਾ ਹੈ ਕਿ ਵਿਆਹ ਤੋਂ ਬਾਅਦ ਵਿਧਵਾ ਔਰਤ ਉਸ ਨੂੰ ਹਰ ਗੱਲ ਵਿੱਚ ਟੋਕਦੀ ਰਹਿੰਦੀ ਸੀ। ਵਿਆਹ ਦੇ ਤਿੰਨ ਸਾਲ ਬਾਅਦ ਜਦੋਂ ਮੁਨਸ਼ੀ ਪਿਤਾ ਨਾ ਬਣ ਸਕਿਆ, ਤਾਂ ਉਸ ਦੀ ਪਤਨੀ ਉਸ ਨੂੰ ਛੱਡ ਕੇ ਚਲੀ ਗਈ। ਪਿਛਲੇ ਸਾਲ ਉਸ ਦੇ ਪਿਤਾ ਦੀ ਵੀ ਮੌਤ ਹੋ ਗਈ ਸੀ, ਜਿਸ ਲਈ ਉਹ ਵਿਧਵਾ ਮਹਿਲਾ ਨੂੰ ਹੀ ਦੋਸ਼ੀ ਮੰਨਦਾ ਸੀ। ਮੁਨਸ਼ੀ ਨੂੰ ਲੱਗਦਾ ਸੀ ਕਿ ਮਹਿਲਾ ਡੈਣ ਹੈ, ਜਿਸ ਕਾਰਨ ਉਸ ਦਾ ਪੂਰਾ ਪਰਿਵਾਰ ਬਰਬਾਦ ਹੋ ਗਿਆ। ਜਦੋਂ ਵੀ ਉਹ ਘਰੋਂ ਨਿਕਲਦਾ ਸੀ, ਮਹਿਲਾ ਉਸ ਨੂੰ ਟੋਕ ਦਿੰਦੀ ਸੀ, ਜਿਸ ਕਾਰਨ ਉਸ ਦਾ ਕੋਈ ਵੀ ਕੰਮ ਸਿਰੇ ਨਹੀਂ ਚੜ੍ਹਦਾ ਸੀ। ਕਈ ਵਾਰ ਮਨ੍ਹਾ ਕਰਨ ਦੇ ਬਾਵਜੂਦ ਮਹਿਲਾ ਨੇ ਟੋਕਾ-ਟਾਕੀ ਬੰਦ ਨਹੀਂ ਕੀਤੀ। ਅਜਿਹੇ ਵਿੱਚ ਮੁਨਸ਼ੀ ਨੇ ਬੀਤੀ ਸ਼ਾਮ ਫੈਸਲਾ ਕਰ ਲਿਆ ਕਿ ਮਹਿਲਾ ਨੂੰ ਜਾਨੋਂ ਮਾਰ ਦੇਣਾ ਹੈ। ਉਸ ਨੇ ਬਹਾਨੇ ਨਾਲ ਮਹਿਲਾ ਨੂੰ ਆਪਣੇ ਘਰ ਬੁਲਾਇਆ ਅਤੇ ਲੱਕੜ ਦੇ ਡੰਡੇ ਨਾਲ ਕੁੱਟ-ਕੁੱਟ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪਿੰਡ ਦੇ ਚੌਕੀਦਾਰ ਤੋਂ ਸੂਚਨਾ ਮਿਲਦੇ ਹੀ ਮੁਫੱਸਿਲ ਥਾਣੇ ਦੀ ਪੁਲੀਸ ਮੌਕੇ ਤੇ ਪਹੁੰਚ ਗਈ ਅਤੇ ਭੱਜਣ ਦੀ ਕੋਸ਼ਿਸ਼ ਕਰ ਰਹੇ ਮੁਨਸ਼ੀ ਟੂਡੂ ਨੂੰ ਦਬੋਚ ਲਿਆ। ਥਾਣਾ ਇੰਚਾਰਜ ਲਾਰੇਂਸੀਆ ਕੇਰਕੇਟਾ ਨੇ ਦੱਸਿਆ ਕਿ ਡੈਣ ਦੇ ਸ਼ੱਕ ਵਿੱਚ ਮੁਨਸ਼ੀ ਨੇ ਬਜ਼ੁਰਗ ਮਹਿਲਾ ਦਾ ਕਤਲ ਕੀਤਾ ਹੈ। ਕਤਲ ਵਿੱਚ ਵਰਤਿਆ ਗਿਆ ਡੰਡਾ ਵੀ ਬਰਾਮਦ ਕਰ ਲਿਆ ਗਿਆ ਹੈ। ਮ੍ਰਿਤਕਾ ਦੀ ਧੀ ਮਕਲੂ ਹਾਂਸਦਾ ਦੇ ਬਿਆਨਾਂ ਦੇ ਆਧਾਰ ਤੇ ਮਾਮਲਾ ਦਰਜ ਕਰਕੇ ਮੁਲਜ਼ਮ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਅਰਥ ਡੇ ਮੌਕੇ ਵਾਈਟ ਰੌਕ ਵਿੱਚ ਵਿਦਿਆਰਥੀਆਂ ਵੱਲੋਂ ਸਫਾਈ ਮੁਹਿੰਮ



**ਅਰਥ ਡੇ ਮੌਕੇ ਸਕੂਲ ਦੇ ਵਿਦਿਆਰਥੀ ਸਫਾਈ ਮੁਹਿੰਮ ਵਿੱਚ ਭਾਗ ਲੈਂਦੇ ਹੋਏ।**

**ਵੈਨਕੂਵਰ, (ਮਲਕੀਤ ਸਿੰਘ)** – ਕੈਨੇਡਾ ਦੇ ਵਾਈਟ ਰੌਕ ਖੇਤਰ ਵਿੱਚ ਅਰਥ ਡੇ ਦੇ ਮੌਕੇ ਸਥਾਨਕ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਵਾਤਾਵਰਣ ਸੁਰੱਖਿਆ ਲਈ ਪ੍ਰੇਰਣਾਦਾਇਕ ਉਪਰਾਲਾ ਕੀਤਾ ਗਿਆ। ਇਸ ਦੌਰਾਨ ਬੱਚਿਆਂ ਨੇ ਇੱਕਠੇ ਹੋ ਕੇ ਸਥਾਨਕ ਪਾਰਕਾਂ ਅਤੇ ਖੁੱਲ੍ਹੇ ਇਲਾਕਿਆਂ ਵਿੱਚ ਘਾਹ-ਫੂਸ ਕੱਟਣ ਅਤੇ ਸਫਾਈ ਮੁਹਿੰਮ ਵਿੱਚ ਭਾਗ ਲਿਆ। ਇਸ ਮੁਹਿੰਮ ਦਾ ਮਕਸਦ ਬੱਚਿਆਂ ਵਿੱਚ ਪ੍ਰਕਿਰਤੀ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਆਪਣੇ ਆਲੇ-ਦੁਆਲੇ ਦੇ ਵਾਤਾਵਰਣ ਨੂੰ ਸਾਫ਼-ਸੁਥਰਾ ਰੱਖਣ ਲਈ ਪ੍ਰੇਰਿਤ ਕਰਨਾ ਸੀ। ਇਸ ਮੌਕੇ ਤੇ ਸਥਾਨਕ ਸੰਗਠਨਾਂ ਅਤੇ ਵਲੰਟੀਅਰ ਗਰੁੱਪਾਂ ਵੱਲੋਂ ਵੀ ਸਹਿਯੋਗ ਦਿੱਤਾ ਗਿਆ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਜਕਾਰਤਾ ਨੇੜੇ ਬੇਕਾਸੀ ਰੇਲਵੇ ਸਟੇਸ਼ਨ 'ਤੇ ਦੋ ਰੇਲਗੱਡੀਆਂ ਵਿਚਕਾਰ ਹੋਈ ਟੱਕਰ

**ਹਾਦਸੇ ਦੌਰਾਨ 14 ਵਿਅਕਤੀਆਂ ਦੀ ਹੋਈ ਮੌਤ, 84 ਹੋਏ ਜ਼ਖ਼ਮੀ**



**ਜਕਾਰਤਾ :** ਇੰਡੋਨੇਸ਼ੀਆ ਦੀ ਰਾਜਧਾਨੀ ਜਕਾਰਤਾ ਨੇੜੇ ਬੇਕਾਸੀ ਰੇਲਵੇ ਸਟੇਸ਼ਨ 'ਤੇ ਸੋਮਵਾਰ ਦੇਰ ਰਾਤ ਦੋ ਰੇਲਗੱਡੀਆਂ ਵਿਚਕਾਰ ਹੋਈ ਭਿਆਨਕ ਟੱਕਰ ਵਿਚ 14 ਲੋਕਾਂ ਦੀ ਮੌਤ ਹੋ ਗਈ ਅਤੇ 84 ਜ਼ਖਮੀ ਹੋ ਗਏ। ਬਹੁਤ ਸਾਰੇ ਯਾਤਰੀ ਰੇਲਗੱਡੀਆਂ ਵਿੱਚ ਫਸੇ ਰਹੇ ਅਤੇ ਮੰਗਲਵਾਰ ਸਵੇਰ ਤੱਕ ਬਚਾਅ ਕਾਰਜ ਜਾਰੀ ਹਨ। ਸਰਕਾਰੀ ਰੇਲਵੇ ਕੰਪਨੀ ਕੇ.ਏ.ਆਈ ਨੇ ਦੱਸਿਆ ਕਿ ਮੰਗਲਵਾਰ ਸਵੇਰੇ 8:45 ਵਜੇ ਤੱਕ 14 ਲੋਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਗਈ ਸੀ। ਸ਼ੁਰੂਆਤੀ ਰਿਪੋਰਟਾਂ ਵਿਚ ਪੰਜ ਮੌਤਾਂ ਦਾ ਸੰਕੇਤ ਮਿਲਿਆ, ਪਰ ਬਾਅਦ ਵਿਚ ਗਿਣਤੀ ਵਧ ਗਈ। ਜ਼ਖਮੀਆਂ ਨੂੰ ਨੇੜਲੇ ਹਸਪਤਾਲਾਂ ਵਿਚ ਦਾਖਲ ਕਰਵਾਇਆ ਗਿਆ। ਅਧਿਕਾਰੀਆਂ ਨੇ ਕਿਹਾ ਕਿ ਦੂਜੀ ਰੇਲਗੱਡੀ ਦੇ ਸਾਰੇ 240 ਯਾਤਰੀ ਸੁਰੱਖਿਅਤ ਹਨ। ਇਹ ਹਾਦਸਾ ਬੇਕਾਸੀ ਸਟੇਸ਼ਨ 'ਤੇ ਇਕ ਕਮਿਊਟਰ ਲਾਈਨ ਟ੍ਰੇਨ ਅਤੇ ਲੰਬੀ ਦੂਰੀ ਦੀ ਆਰਗੋ ਬ੍ਰੋਮੋ ਅੰਗਰੇਕ ਟ੍ਰੇਨ, ਜੋ ਕਿ ਜਕਾਰਤਾ ਅਤੇ ਸੁਰਾਬਾਇਆ ਵਿਚਕਾਰ ਇਕ ਪ੍ਰਮੁੱਖ ਰੇਲ ਸੇਵਾ ਹੈ, ਦੇ ਵਿਚਕਾਰ ਉਦੋਂ ਵਾਪਰਿਆ ਜਦੋਂ ਲੰਬੀ ਦੂਰੀ ਦੀ ਰੇਲਗੱਡੀ ਸਟੇਸ਼ਨ 'ਤੇ ਖੜੀ ਕਮਿਊਟਰ ਟ੍ਰੇਨ ਦੇ ਪਿਛਲੇ ਡੱਬੇ ਵਿਚ ਟਕਰਾ ਗਈ। ਰਾਸ਼ਟਰੀ ਖੋਜ ਅਤੇ ਬਚਾਅ ਏਜੰਸੀ ਦੇ ਅਨੁਸਾਰ ਬਹੁਤ ਸਾਰੇ ਯਾਤਰੀ ਨੁਕਸਾਨੇ ਗਏ ਡੱਬਿਆਂ ਵਿਚ ਫਸ ਗਏ ਸਨ। ਸੀਮਤ ਜਗ੍ਹਾ ਅਤੇ ਡੱਬਿਆਂ ਨੂੰ ਭਾਰੀ ਨੁਕਸਾਨ ਹੋਣ ਕਾਰਨ ਬਚਾਅ ਕਾਰਜਾਂ ਵਿਚ ਰੁਕਾਵਟ ਆਈ। ਬਚਾਅ ਟੀਮਾਂ ਧਾਤ ਕੱਟਣ ਵਾਲੀਆਂ ਮਸ਼ੀਨਾਂ ਨਾਲ ਡੱਬਿਆਂ ਨੂੰ ਖੋਲ੍ਹ ਕੇ ਲੋਕਾਂ ਨੂੰ ਬਾਹਰ ਕੱਢ ਰਹੀਆਂ ਹਨ।

# ਫ਼ਾਜ਼ਿਲਕਾ-ਮਲੋਟ ਹਾਈਵੇਅ 'ਤੇ ਨਹਿਰ ਵਿੱਚ ਡਿੱਗੀ ਕਾਰ, ਇੱਕ ਵਿਦਿਆਰਥੀ ਦੀ ਮੌਤ

## ਮਲੋਟ ਤੋਂ ਪੇਪਰ ਦੇ ਕੇ ਪਰਤ ਰਹੇ ਸਨ ਤਿੰਨ ਵਿਦਿਆਰਥੀ

**ਫਾਜ਼ਿਲਕਾ।** ਫ਼ਾਜ਼ਿਲਕਾ-ਮਲੋਟ ਹਾਈਵੇਅ 'ਤੇ ਇੱਕ ਹਾਦਸਾ ਵਾਪਰਿਆ ਹੈ। ਮਲੋਟ ਤੋਂ ਕਾਰ ਵਿੱਚ ਸਵਾਰ ਹੋ ਕੇ ਵਾਪਸ ਫ਼ਾਜ਼ਿ-ਲਕਾ ਪਰਤ ਰਹੇ ਤਿੰਨ ਵਿਦਿਆਰਥੀ ਹਾਦਸੇ ਦਾ ਸ਼ਿਕਾਰ ਹੋ ਗਏ ਹਨ। ਕਿਸੇ ਕਾਰਨ ਬੇਕਾਬੂ ਹੋਈ ਕਾਰ ਅਚਾਨਕ ਗੰਗ ਕੈਨਾਲ ਨਹਿਰ ਵਿੱਚ ਜਾ ਡਿੱਗੀ, ਜਿਸ ਕਾਰਨ ਕਾਰ ਸਵਾਰ ਨੌਜਵਾਨ ਕਾਰ ਸਮੇਤ ਪਾਣੀ ਵਿੱਚ ਡੁੱਬ ਗਏ। ਹਾਲਾਂਕਿ, ਮੌਕੇ 'ਤੇ ਹਾਲਾਤ ਨੂੰ ਦੇਖਦੇ ਹੋਏ ਦੋ ਨੌਜਵਾਨਾਂ ਨੂੰ ਬਾਹਰ ਕੱਢ ਲਿਆ ਗਿਆ, ਜਦਕਿ ਇੱਕ ਨੌਜਵਾਨ ਅਜੇ ਵੀ ਕਾਰ ਦੇ ਅੰਦਰ ਹੀ ਸੀ। ਉਸ ਨੂੰ ਬਾਹਰ ਕੱਢਣ ਵਿੱਚ ਥੋੜ੍ਹਾ ਸਮਾਂ ਲੱਗ ਗਿਆ। ਉਸ ਨੂੰ ਰੈਸਕਿਊ ਕਰਕੇ ਬਾਹਰ ਤਾਂ ਕੱਢ ਲਿਆ ਗਿਆ ਪਰ ਉਹ ਬੇਸੁਧ ਹਾਲਤ ਵਿੱਚ ਸੀ। ਉਸ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਉਸ ਨੂੰ ਫ਼ਾਜ਼ਿਲਕਾ ਦੇ ਸਰਕਾਰੀ ਹਸਪਤਾਲ ਵਿੱਚ ਇਲਾਜ ਲਈ ਭੇਜਿਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਜਾਣਕਾਰੀ ਦਿੰਦਿਆਂ ਮੌਕੇ 'ਤੇ ਪਹੁੰਚੇ ਫ਼ਾਜ਼ਿਲਕਾ ਦੇ ਐਸ.ਐਸ.ਪੀ (SSP) ਗੁਰਮੀਤ ਸਿੰਘ ਨੇ ਦੱਸਿਆ ਕਿ ਫ਼ਾਜ਼ਿਲਕਾ-ਮਲੋਟ ਰੋਡ 'ਤੇ ਗੰਗ ਕੈਨਾਲ ਨਹਿਰ ਵਿੱਚ ਕਾਰ ਡਿੱਗਣ ਦੀ ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਉਹ ਮੌਕੇ 'ਤੇ ਪਹੁੰਚੇ। ਉਨ੍ਹਾਂ ਦੱਸਿਆ ਕਿ ਕਾਰ ਸਵਾਰ ਤਿੰਨ ਵਿਦਿਆਰਥੀ ਮਲੋਟ ਤੋਂ ਪੇਪਰ ਦੇ ਕੇ ਵਾਪਸ ਆ ਰਹੇ ਸਨ। ਇਨ੍ਹਾਂ ਵਿੱਚੋਂ ਦੋ ਨੌਜਵਾਨਾਂ ਨੂੰ ਬਾਹਰ ਕੱਢ ਲਿਆ ਗਿਆ। ਦੱਸਿਆ ਜਾ ਰਿਹਾ ਹੈ ਕਿ ਹਨੀ (ਵਾਸੀ ਲੁਧਿਆਣਾ), ਅਰੁਣਪ੍ਰੀਤ (ਵਾਸੀ ਸਲੇਮਸ਼ਾਹ ਰੋਡ, ਫ਼ਾਜ਼ਿ-ਲਕਾ) ਅਤੇ ਅਰਸ਼ਦੀਪ ਚਲਾਨਾ ਮਲੋਟ ਤੋਂ ਪੇਪਰ ਦੇ ਕੇ ਆ ਰਹੇ ਸਨ ਕਿ ਅਣਪਛਾਤੇ ਕਾਰਨਾਂ ਕਰਕੇ ਉਨ੍ਹਾਂ ਦੀ ਕਾਰ ਹਾਦਸਾਗ੍ਰਸਤ ਹੋ ਕੇ



ਨਹਿਰ ਵਿੱਚ ਜਾ ਡਿੱਗੀ। ਪਿੰਡ ਦੇ ਗੋਤਾਖੋਰਾਂ ਨੇ ਹਨੀ ਅਤੇ ਅਰੁਣਪ੍ਰੀਤ ਸਿੰਘ ਨੂੰ ਤੁਰੰਤ ਬਾਹਰ ਕੱਢ ਲਿਆ, ਜਦਕਿ ਅਰਸ਼ਦੀਪ ਨੂੰ ਸੜਕ ਸੁਰੱਖਿਆ ਫੋਰਸ (ਸ਼ਸ਼ਫ) ਅਤੇ ਸਥਾਨਕ ਗੋਤਾਖੋਰਾਂ ਦੀ ਮਦਦ ਨਾਲ ਕਾਫੀ ਸਮੇਂ ਬਾਅਦ ਬਾਹਰ ਕੱਢਿਆ ਜਾ ਸਕਿਆ। ਫਿਲਹਾਲ ਤਿੰਨਾਂ ਨੂੰ ਫ਼ਾਜ਼ਿਲਕਾ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਦੂਜੇ ਪਾਸੇ, ਪਿੰਡ ਵਾਸੀ ਅਤੇ ਗੋਤਾਖੋਰ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਮਿੱਠੂ ਸਿੰਘ, ਸੁੱਚਾ ਸਿੰਘ ਅਤੇ ਪਿੰਡ ਦੇ ਹੋਰ ਲੋਕਾਂ ਨਾਲ ਮਿਲ ਕੇ ਨਹਿਰ ਵਿੱਚ ਛਾਲ ਮਾਰ ਕੇ ਕਾਰ ਸਵਾਰਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੱਸਿਆ ਕਿ ਨਹਿਰ ਦੇ ਪੁਲ ਤੋਂ ਡਿੱਗਣ ਤੋਂ ਬਾਅਦ ਕਾਰ ਪਾਣੀ ਦੇ ਵਹਾਅ ਨਾਲ ਕਰੀਬ 70 ਮੀਟਰ ਅੱਗੇ ਚਲੀ ਗਈ ਸੀ। ਕਾਰ ਦੀ ਇੱਕ ਖਿੜਕੀ ਖੁੱਲ੍ਹੀ ਦੇਖ ਕੇ ਉਨ੍ਹਾਂ ਨੇ ਤੁਰੰਤ ਰੱਸੀ ਸੁੱਟ ਕੇ ਨੌਜਵਾਨਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਦੋ ਨੌਜਵਾਨਾਂ ਨੂੰ ਜਲਦੀ ਕੱਢ ਲਿਆ ਗਿਆ ਪਰ ਅਰਸ਼ਦੀਪ ਨੂੰ ਕੱਢਣ ਵਿੱਚ ਸਮਾਂ ਲੱਗ ਗਿਆ। ਬਾਅਦ ਵਿੱਚ ਜੇ.ਸੀ.ਬੀ (ਝਛਭ) ਦੀ ਮਦਦ ਨਾਲ ਕਰੀਬ ਡੇਢ ਘੰਟੇ ਦੀ ਮੁਸ਼ੱਕਤ ਤੋਂ ਬਾਅਦ ਕਾਰ ਨੂੰ ਵੀ ਨਹਿਰ ਵਿੱਚੋਂ ਬਾਹਰ ਕੱਢ ਲਿਆ ਗਿਆ। ਹਸਪਤਾਲ ਪਹੁੰਚਣ 'ਤੇ ਡਾਕਟਰਾਂ ਨੇ ਅਰਸ਼ਦੀਪ ਨੂੰ ਮ੍ਰਿਤਕ ਐਲਾਨ ਦਿੱਤਾ ਹੈ।

# ਪੰਡਿਤਰਾਓ ਵੱਲੋਂ ਦਲਜੀਤ ਦੁਸਾਂਝ ਨੂੰ ਵਿਦੇਸ਼ ਫੇਰੀ ਮੰਚ ਤੋਂ ਨਸ਼ਿਆਂ ਅਤੇ ਹਿੰਸਾ ਨੂੰ ਹੱਲਾਸ਼ੇਰੀ ਦੇਣ ਵਾਲੇ ਗਾਣੇ ਨਾ ਗਾਉਣ ਦੀ ਅਪੀਲ

**ਚੰਡੀਗੜ੍ਹ।** ਪੰਜਾਬੀ ਭਾਸ਼ਾ ਦਾ ਪ੍ਰਚਾਰ ਕਰਨ ਅਤੇ ਪੰਜਾਬੀ ਗਾਣਿਆਂ ਵਿੱਚ ਨਸ਼ਿਆਂ ਅਤੇ ਹਥਿਆਰਾਂ ਦੀ ਨੁਮਾਇਸ਼ ਦੇ ਖਿਲਾਫ਼ ਕਾਨੂੰਨੀ ਲੜਾਈ ਲੜਣ ਵਾਲੇ ਪੰਡਿਤਰਾਓ ਧਰੇਨਵਰ ਨੇ ਦਿਲਜੀਤ ਦੋਸਾਂਝ ਨੂੰ ਖੁੱਲ੍ਹਾ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਉਹ ਕਨੇਡਾ ਅਤੇ ਅਮਰੀਕਾ ਵਿੱਚ ਲੱਗਣ ਵਾਲ਼ੇ ਆਪਣੇ ਅਖਾੜਿਆਂ ਦੌਰਾਨ ਹਥਿਆਰ, ਸ਼ਰਾਬ ਅਤੇ ਨਸ਼ਿਆਂ ਦੇ ਜ਼ਿਕਰ ਵਾਲ਼ੇ ਗਾਣੇ ਨਾ ਗਾਵੇ।




ਪੰਡਿਤਰਾਓ ਨੇ ਲਿਖਿਆ ਹੈ ਕਿ ਅਜਿਹੇ ਗਾਣਿਆਂ ਦਾ ਅੱਲ੍ਹੜ ਬੱਚਿਆਂ ਦੀ ਮਾਨਸਿਕਤਾ ਤੇ ਬਹੁਤ ਮਾੜਾ ਅਸਰ ਪੈਂਦਾ ਹੈ। ਉਹਨਾਂ ਕਿਹਾ ਕਿ ਬੱਚੇ ਭਾਵੇਂ ਕਿਸੇ ਵੀ ਮੁਲਕ ਦੇ ਹੋਣ ਉਹ ਚੰਗੇ ਜਾਂ ਮਾੜੇ ਸੰਗੀਤ ਦਾ ਇੱਕੋ ਜਿਹਾ ਅਸਰ ਕਬੂਲਦੇ ਹਨ। ਇਸਦੇ ਨਾਲ਼ ਹੀ ਪੰਡਿਤਰਾਓ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਕਰ ਦਿਲਜੀਤ ਦੋਸਾਂਝ ਆਪਣੇ 30 ਅਪ੍ਰੈਲ ਦੇ ਕੈਲਗਰੀ ਅਖਾੜੇ ਦੌਰਾਨ ਪਟਿਆਲਾ ਪੈਗ, 5 ਤਾਰੇ ਅਤੇ ਕੇਸ ਵਰਗੇ ਗਾਣੇ ਮੰਚ ਤੋਂ ਗਾਏ ਤਾਂ ਵਿਸ਼ਵ ਸਮਾਜ ਦੇ ਭਲੇ ਲਈ ਉਹ ਕੈਨੇਡਾ ਅਤੇ ਅਮਰੀਕਾ ਦੀ ਪੁਲੀਸ ਕੋਲ ਸ਼ਿਕਾਇਤ ਦਰਜ਼ ਕਰਵਾਉਣਗੇ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਜੀ ਟੀ ਯੂ ਦਾ ਵਫਦ ਜਨਗਣਨਾ - 2027 ਲਈ ਅਧਿਆਪਕਾਂ ਦੀਆਂ ਲਗਾਈਆਂ ਧੜਾਧੜ ਡਿਊਟੀਆਂ ਸਬੰਧੀ ਡੀ ਸੀ ਕਪੂਰਥਲਾ ਨੂੰ ਮਿਲਿਆ

## ਅਧਿਆਪਕ ਦੀਆਂ ਸਕੂਲਾਂ ਵਿੱਚੋਂ 50% ਅਧਿਆਪਕਾਂ ਦੀਆਂ ਡਿਊਟੀਆਂ ਲਗਾਉਣ ਤੇ ਨੇੜਲੇ ਸਟੇਸ਼ਨਾਂ ਵਿੱਚ ਤੈਨਾਤ ਕਰਨ ਸਬੰਧੀ ਦਿੱਤਾ ਗਿਆ ਮੰਗ ਪੱਤਰ

**ਕਪੂਰਥਲਾ,28 ਅਪ੍ਰੈਲ ( ਕੌੜਾ )**- ਗੌਰਮਿੰਟ ਟੀਚਰ ਯੂਨੀਅਨ ਪੰਜਾਬ ਦੀ ਕਪੂਰਥਲਾ ਇਕਾਈ ਇੱਕ ਵਫਦ ਸੁਬਾਈ ਆਗੂ ਰਸ਼ਪਾਲ ਸਿੰਘ ਵੜੈਚ, ਜਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਣ ਦੀ ਅਗਵਾਈ ਵਿਚ ਅਧਿਆਪਕਾਂ ਦੀਆਂ ਜਨਗਣਨਾ -2027ਵਿੱਚ ਲਗਾਈਆਂ ਡਿਊਟੀਆਂ ਸਬੰਧੀ ਡਿਪਟੀ ਕਮਿਸ਼ਨਰ ਕਪੂਰਥਲਾ ਆਕਾਸ਼ ਬਾਂਸਲ, ਏਡੀਸੀ ਜਨਰਲ ਸਕੱਤਰ ਸਿੰਘ ਬੱਲ ਤੇ ਕਮਿਸ਼ਨਰ ਨਗਰ ਨਿਗਮ ਬਬੀਤਾ ਕਲੇਰ ਨੂੰ ਮਿਲਿਆ ਅਤੇ ਸਕੂਲਾਂ ਵਿੱਚ 50% ਅਧਿਆਪਕ ਸਟਾਫ ਦੀਆਂ ਡਿਊਟੀਆਂ ਮਰਦਮ ਸ਼ੁਮਾਰੀ ਵਿੱਚ ਨਾ ਲਾਉਣ ਸਬੰਧੀ ਲਿਖਤੀ ਮੰਗ ਪੱਤਰ ਵੀ ਸੌਂਪੇ। ਗੌਰਮਿੰਟ ਟੀਚਰਜ਼ ਯੂਨੀਅਨ ਵੱਲੋਂ ਮਰਦਮ ਸ਼ੁਮਾਰੀ, ਸਮਾਜਿਕ ਅਤੇ ਆਰਥਿਕ ਜਨ ਗਣਣਾ ਅਧੀਨ ਜੋ ਡਿਊਟੀਆਂ ਅਧਿਆਪਕ ਵਰਗ ਦੀਆਂ ਲਗਾਈਆਂ ਜਾ ਰਹੀਆਂ ਹਨ ਸੰਬੰਧੀ ਆ ਰਹੀਆਂ ਆਪਣੀਆਂ ਸਮੱਸਿਆਵਾਂ ਨੂੰ ਲੈ ਕੇ ਤਿੰਨਾਂ ਅਧਿਕਾਰੀਆਂ ਨੂੰ ਮਿਲਿਆ।ਜਿਸ ਵਿੱਚ ਮੁੱਖ ਤੌਰ ਤੇ ਇਹਨਾਂ ਡਿਊਟੀਆਂ ਵਿੱਚ ਸਿਰਫ਼ ਅਧਿਆਪਕ ਵਰਗ ਨੂੰ ਹੀ ਨਹੀਂ ਬਲਕਿ ਬਾਕੀ ਵਿਭਾਗਾਂ ਵਿੱਚੋਂ ਵੀ ਕਰਮਚਾਰੀਆਂ ਦੀਆਂ ਡਿਊਟੀਆਂ ਲਗਾਉਣ ਲਈ ਕਿਹਾ ਗਿਆ, ਕਿਉਂਕਿ ਜਿਸ ਤਰ੍ਹਾਂ ਇਹਨਾਂ ਜਨਗਨਣਾ, ਮਰਦਮਸ਼ੁਮਾਰੀ ਡਿਊਟੀਆਂ ਦੌਰਾਨ ਲਗਭਗ 90% ਸਟਾਫ ਦੀਆਂ ਡਿਊਟੀਆਂ ਸਿੱਖਿਆ ਵਿਭਾਗ ਵਿੱਚੋਂ ਲੱਗਣ ਕਾਰਨ ਸਕੂਲ ਅਧਿਆਪਕ ਵਰਗ ਤੋਂ ਖ਼ਾਲੀ ਹੋ ਜਾਣਗੇ। ਜਿਸ ਦਾ ਸਿੱਧਾ ਅਸਰ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਦੀ ਪੜ੍ਹਾਈ ਉੱਪਰ ਪਵੇਗਾ।

ਅਧਿਆਪਕ ਆਗੂਆਂ ਵੱਲੋਂ ਕਪਲ ਕੇਸ ,ਵਿਧਵਾ , ਅੰਗਹੀਣ ਕਰਮਚਾਰੀ ਅਤੇ ਅਣਵਿਆਹੀਆਂ ਕਰਮਚਾਰਨਾਂ ਨੂੰ ਛੋਟ ਦੇਣ ਬਾਰੇ, ਸਕੂਲੀ ਸਮੇਂ ਵਿੱਚ ਇਸ ਜਨਗਨਣਾਂ ਡਿਊਟੀ ਲਈ ਛੋਟ ਦੇਣ ਬਾਰੇ ਫੈਡਰੇਸ਼ਨ ਵੱਲੋਂ ਪੱਖ ਰੱਖਿਆ ਗਿਆ ਕਿ ਜਿਸ ਤਰ੍ਹਾਂ ਗਰਮੀ ਵਧ ਰਹੀ ਹੈ ਉਸ ਸਮੇਂ ਸਕੂਲੀ ਡਿਊਟੀ ਤੋਂ ਬਾਅਦ ਆਮ ਤੌਰ ਤੇ ਪਿੰਡਾਂ ਵਿੱਚ ਸੁਨਸਾਨ ਹੋ ਜਾਂਦੀ ਹੈ ਤੇ ਕਰਮਚਾਰੀਆਂ ਦੀ ਸਕਿਓਰਟੀ ਵੀ ਕੋਈ ਨਹੀਂ ,ਘਰਾਂ ਦੇ ਦਰਵਾਜੇ ਖੜਕਾਉਣ ਲਈ ਅਧਿਆਪਕਾਂ ਨੂੰ ਮਜ਼ਬੂਰ ਨਾ ਕਰਨ। ਸਗੋਂ ਅੱਧਾ ਸਮਾਂ ਸਕੂਲ ਸਮੇਂ ਵਿੱਚੋਂ ਛੋਟ ਦੇਣ ਤਾਂ ਕਿ ਬੱਚਿਆਂ ਦੀ ਪੜ੍ਹਾਈ ਵੀ ਪ੍ਰਭਾਵਿਤ ਨਾ ਹੋਵੇ ਅਤੇ ਮਰਦ ਸ਼ੁਮਾਰੀ ਦਾ ਕੰਮ ਵੀ ਚਲਦਾ ਰਹੇ । ਆਗੂਆਂ ਵੱਲੋਂ ਕਰਮਚਾਰੀਆਂ ਦਾ ਇਕ ਕਰੋੜ ਦੇ ਬੀਮਾ ਅਧੀਨ ਕਵਰ ਕਰਨ ਲਈ ਕਿਹਾ ਗਿਆ । ਇਸੇ ਤਰਾਂ ਇਸ ਮਰਦਮਸ਼ੁਮਾਰੀ, ਜਨਗਨਣਾਂ ਦਾ ਕੰਮ ਸ਼ੁਰੂ ਹੋਣ ਤੇ ਪਿੰਡਾਂ ਵਿੱਚੋਂ ਪੰਚਾਇਤ ਮੈਂਬਰ, ਆਸ਼ਾ ਵਰਕਰ ਜਾਂ ਆਂਗਨਵਾੜੀ ਵਰਕਰਾਂ ਨੂੰ ਸਹਿਯੋਗ ਕਰਨ ਦੀ ਅਪੀਲ ਕਰਨ ਲਈ ਕਿਹਾ ਜਾਵੇ ,ਕਿਉਂਕਿ ਪਿੰਡਾਂ ਤੇ ਸ਼ਹਿਰਾਂ ਦੇ ਘਰਾਂ ਬਾਰੇ ਇਹ ਕਰਮਚਾਰੀ ਆਮ ਤੌਰ ਤੇ ਜਾਣਕਾਰੀ ਰੱਖਦੇ ਹਨ। ।



ਗੋਰਮਿੰਟ ਟੀਚਰ ਯੂਨੀਅਨ ਦਾ ਵਫਦ ਏ ਡੀ ਸੀ (ਜਨਰਲ) ਸਕੱਤਰ ਸਿੰਘ ਨੂੰ ਮਰਦਮ ਸ਼ੁਮਾਰੀ 2027 ਦੀਆਂ ਡਿਊਟੀਆਂ ਸਬੰਧੀ ਮੰਗ ਪੱਤਰ ਦਿੰਦਾ ਹੋਇਆ।

ਅਧਿਆਪਕ ਆਗੂਆਂ ਵੱਲੋਂ ਰੱਖੇ ਗਏ ਤਰਕ ਨੂੰ ਅਧਿਕਾਰੀਆਂ ਦੇ ਵੱਲੋਂ ਬੜੇ ਧਿਆਨ ਨਾਲ ਸੁਣਿਆ ਗਿਆ ਸਕੂਲ ਆਫ ਐਮੀਨੈਂਸ ਜੋ ਕਿ ਸਰਕਾਰ ਦਾ ਇੱਕ ਸੁਪਨਾ ਹਨ ਦੇ ਵਿਭਾਗ ਦੇ ਡਾਇਰੈਕਟਰ ਵੱਲੋਂ ਜੋ ਪੱਤਰ ਜਾਰੀ ਕੀਤਾ ਗਿਆ ਹੈ ਕਿ ਇਹਨਾਂ ਸਕੂਲਾਂ ਦੇ ਅਧਿਆਪਕ ਵਰਗ ਨੂੰ ਬਾਹਰਲੀਆਂ ਡਿਊਟੀਆਂ ਤੋਂ ਛੋਟ ਦਿੱਤੀ ਜਾਵੇ ਬਾਰੇ ਵੀ ਅਧਿਕਾਰੀਆਂ ਨੂੰ ਦੱਸਿਆ ਗਿਆ।

ਗੋਰਮਿੰਟ ਟੀਚਰਜ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਣ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਅਧਿਆਪਕ ਵਰਗ ਵੱਲੋਂ ਨਵੇਂ ਸੈਸ਼ਨ ਦੀ ਸ਼ੁਰੂਆਤ ਤੇ ਹੀ ਸਿਰਤੋੜ ਮਿਹਨਤ ਕੀਤੀ ਜਾ ਰਹੀ ਹੈ ਕਿ ਸਕੂਲਾਂ ਵਿੱਚ ਬੱਚਿਆਂ ਦੇ ਦਾਖਲਿਆਂ ਵਿੱਚ ਵਾਧਾ ਕੀਤਾ ਜਾਵੇ। ਪਰ ਬਹੁਤ ਸਾਰੇ ਅਧਿਆਪਕ ਹੈਲਥ ਕਾਰਡ ਬਣਾਉਣ, ਜਨ ਗਨਣਾ ਤੇ ਬੀ ਐਲ ਓ ਦੀਆਂ ਡਿਊਟੀਆਂ ਕਾਰਨ ਪਰੇਸ਼ਾਨ ਹੋ ਰਹੇ ਹਨ। ਉਹਨਾਂ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਇਹ ਕੰਮ ਪ੍ਰਾਈਵੇਟ ਏਜੰਸੀ ਕੋਲੋਂ ਵੀ ਕਰਵਾਇਆ ਜਾ ਸਕਦਾ ਸੀ, ਸੋ ਅਧਿਕਾਰੀਆਂ ਵੱਲੋਂ ਇਹ ਵਿਸ਼ਵਾਸ ਦਿੱਤਾ ਗਿਆ ਕਿ ਇਹ ਯਤਨ ਜਰੂਰ ਕੀਤਾ ਜਾਵੇਗਾ ਤਾਂ ਕਿ ਅਧਿਆਪਕ ਵਰਗ ਅਤੇ ਸਟਾਫ ਨੂੰ ਘੱਟ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇ। ਵਫ਼ਦ ਵਿੱਚ ਹੋਰਨਾਂ ਤੋਂ ਇਲਾਵਾ ਯਾਦਵਿੰਦਰ ਸਿੰਘ, ਅਵਤਾਰ ਸਿੰਘ ਹੈਬਤਪੁਰ, ਦਵਿੰਦਰ ਸਿੰਘ, ਰਜੀਵ ਪਠਾਣੀਆ,ਪ੍ਰਦੀਪ ਸਿੰਘ ਘੁਮਾਣ ਆਦਿ ਅਧਿਆਪਕ ਆਗੂ ਹਾਜ਼ਰ ਸਨ।

# ਬਿਜਲੀ ਦੇ ਅਣ-ਐਲਾਨੇ ਕੱਟਾਂ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ ਵੱਲੋਂ ਤਹਿਸੀਲ ਦੇ ਸਾਹਮਣੇ ਧਰਨਾ ਭਲਕੇ : ਲਾਲੀ ਬਾਜਵਾ, ਸੰਜੀਵ ਤਲਵਾੜ

**ਹੁਸ਼ਿਆਰਪੁਰ 28 ਅਪ੍ਰੈਲ ( ਤਰਸੇਮ ਦੀਵਾਨਾ )** - ਪੰਜਾਬ ਵਿੱਚ ਬਿਜਲੀ ਦੇ ਲੱਗ ਰਹੇ ਭਾਰੀ ਅਤੇ ਅਣ-ਐਲਾਨੇ ਕੱਟਾਂ ਕਾਰਨ ਜਨਤਾ ਵਿੱਚ ਮਚੇ ਹਾਹ-ਾਕਾਰ ਨੂੰ ਦੇਖਦੇ ਹੋਏ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸਰਕਾਰ ਵਿਰੁੱਧ ਮੋਰਚਾ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਜਤਿੰਦਰ ਸਿੰਘ ਲਾਲੀ ਬਾਜਵਾ ਅਤੇ ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਸਾਂਝੇ ਤੌਰ 'ਤੇ ਐਲਾਨ ਕੀਤਾ ਕਿ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਹੇਠ 30 ਅਪ੍ਰੈਲ ਨੂੰ ਸਵੇਰੇ 10 ਵਜੇ ਤਹਿਸੀਲ ਕੰਪਲੈਕਸ, ਹੁਸ਼ਿਆਰਪੁਰ ਵਿਖੇ ਰੋਸ ਧਰਨਾ ਦਿੱਤਾ ਜਾਵੇਗਾ। ਲਾਲੀ ਬਾਜਵਾ ਨੇ ਕਿਹਾ ਕਿ ਬਿਜਲੀ ਦੇ ਲੰਬੇ ਕੱਟਾਂ ਕਾਰਨ ਆਮ ਲੋਕਾਂ ਦਾ ਜੀਵਨ ਦੁੱਭਰ ਹੋ ਗਿਆ ਹੈ। ਖ਼ਾਸ ਕਰਕੇ ਗਰਮੀ ਦੇ ਇਸ ਮੌਸਮ ਵਿੱਚ ਬੱਚਿਆਂ, ਬਜ਼ੁਰਗਾਂ ਅਤੇ ਕਾਰੋਬਾਰੀਆਂ ਨੂੰ ਭਾਰੀ



ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੰਜੀਵ ਤਲਵਾੜ ਨੇ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਬਿਜਲੀ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਧਰਨਾ ਸੁੱਤੀ ਹੋਈ ਸਰਕਾਰ ਨੂੰ ਜਗਾਉਣ ਲਈ ਦਿੱਤਾ ਜਾ ਰਿਹਾ ਹੈ, ਤਾਂ ਜੋ ਜਨਤਾ ਨੂੰ ਬਿਜਲੀ ਦੇ ਅਣ-ਅਧਿਕਾਰਤ ਕੱਟਾਂ ਤੋਂ ਨਿਜਾਤ ਮਿਲ ਸਕੇ।

ਅਕਾਲੀ ਦਲ ਦੇ ਆਗੂਆਂ ਨੇ ਸਮੂਹ ਵਰਕਰਾਂ ਅਤੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਵੱਡੀ ਗਿਣਤੀ ਵਿੱਚ ਇਸ ਧਰਨੇ ਵਿੱਚ ਸ਼ਾਮਲ ਹੋਣ, ਤਾਂ ਜੋ ਸਰਕਾਰ ਤੱਕ ਲੋਕਾਂ ਦੀ ਆਵਾਜ਼ ਪਹੁੰਚਾਈ ਜਾ ਸਕੇ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਵਰਿੰਦਰ ਸਿੰਘ ਪਰਮਾਰ, ਅਨੁਸੂਚਿਤ ਜਾਤੀ ਸਹਿਤ ਦੇ ਸ਼ਹਿਰੀ ਪ੍ਰਧਾਨ ਸੰਜੀਵ ਥਾਪਰ, ਸਾਬਕਾ ਪਾਰਸ ਨਰਿੰਦਰ ਸਿੰਘ, ਜ਼ਿਲ੍ਹਾ ਵਾਈਸ ਪ੍ਰਧਾਨ ਹਰਭਜਨ ਸਿੰਘ ਵਧਾਵਣ, ਸਤਵਿੰਦਰ ਸਿੰਘ, ਜਪਿੰਦਰਪਾਲ ਸਿੰਘ, ਕੌਸ਼ਿਕ ਅਰੋੜਾ, ਹਰਪ੍ਰੀਤ ਪਿੰਟੂ, ਜਸਕਰਨ ਸਿੰਘ ਅਤੇ ਜਤਿੰਦਰ ਰਹੇਲ ਵੀ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਨਗਰ ਕੌਂਸਲ ਚੋਣਾਂ ਦੀ ਗੂੰਜ ਤੇਜ਼, ਸਾਬਕਾ ਪ੍ਰਧਾਨ ਹਰੀ ਪਾਲ ਮੁੜ ਮੈਦਾਨ 'ਚ

ਮੋਰਿੰਡਾ, 28 ਅਪ੍ਰੈਲ (ਸੁਖਵਿੰਦਰ ਸਿੰਘ ਹੈਪੀ): ਨਗਰ ਕੌਂਸਲ ਮੋਰਿੰਡਾ ਦੀਆਂ ਆਉਣ ਵਾਲੀਆਂ ਚੋਣਾਂ ਨੂੰ ਲੈ ਕੇ ਸ਼ਹਿਰ ਵਿੱਚ ਸਿਆਸੀ ਸਰਗਰਮੀਆਂ ਸਿਖ਼ਰ 'ਤੇ ਪਹੁੰਚ ਗਈਆਂ ਹਨ। ਇਸ ਦਰਮਿਆਨ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਹਰੀ ਪਾਲ ਵੱਲੋਂ ਮੁੜ ਚੋਣ ਮੈਦਾਨ ਵਿੱਚ ਉਤਰਣ ਦਾ ਐਲਾਨ ਕਰਨ ਨਾਲ ਸਿਆਸੀ ਮਾਹੌਲ ਵਿੱਚ ਨਵੀਂ ਚਰਚਾ ਛਿੜ ਗਈ ਹੈ। ਹਰੀ ਪਾਲ ਪਹਿਲਾਂ ਵੀ ਪ੍ਰਧਾਨ ਰਹਿ ਚੁੱਕੇ ਹਨ ਅਤੇ ਆਪਣੇ ਕਾਰਜਕਾਲ ਦੌਰਾਨ ਕਰਵਾਏ ਗਏ ਵਿਕਾਸ ਕਾਰਜਾਂ ਕਾਰਨ ਉਹਨਾਂ ਨੇ ਸ਼ਹਿਰ ਵਿੱਚ ਇੱਕ ਵੱਖਰੀ ਪਛਾਣ ਬਣਾਈ ਸੀ। ਉਨ੍ਹਾਂ ਦੇ ਮੁੜ ਚੋਣ ਲੜਨ ਦੇ ਫੈਸਲੇ ਨਾਲ ਸਮਰਥਕਾਂ ਵਿੱਚ ਖਾਸਾ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ ਅਤੇ ਕਈ ਥਾਵਾਂ 'ਤੇ ਉਨ੍ਹਾਂ ਦੇ ਹੱਕ ਵਿੱਚ ਮੀਟਿੰਗਾਂ ਦਾ



ਦੌਰ ਵੀ ਸ਼ੁਰੂ ਹੋ ਗਿਆ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਤਜਰਬੇਕਾਰ ਛਵੀ ਅਤੇ ਲੋਕਾਂ ਨਾਲ ਮਜ਼ਬੂਤ ਜੋੜ ਹਰੀ ਪਾਲ ਨੂੰ ਇਸ ਵਾਰ ਵੀ ਮਜ਼ਬੂਤ ਦਾਅਵੇਦਾਰ ਬਣਾ ਸਕਦਾ ਹੈ। ਦੂਜੇ ਪਾਸੇ ਵਿਰੋਧੀ ਧਿਰਾਂ ਵੀ ਆਪਣੀ ਰਣਨੀਤੀ ਤਿਆਰ ਕਰਨ ਵਿੱਚ ਜੁੱਟੀਆਂ ਹੋਈਆਂ ਹਨ, ਜਿਸ ਨਾਲ ਚੋਣੀ ਮੁਕਾਬਲਾ ਕਾਫੀ ਦਿਲਚਸਪ ਹੋਣ ਦੇ ਆਸਾਰ ਬਣ ਰਹੇ ਹਨ। ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਚਰਚਾਵਾਂ ਤੇਜ਼ ਹੋ ਚੁੱਕੀਆਂ ਹਨ ਅਤੇ ਲੋਕ ਆਪਣੇ ਮਨਪਸੰਦ ਉਮੀਦਵਾਰਾਂ ਨੂੰ ਲੈ ਕੇ ਗੰਭੀਰ ਵਿਚਾਰ ਕਰ ਰਹੇ ਹਨ। ਆਪਣੇ ਬਿਆਨ ਵਿੱਚ ਹਰੀ ਪਾਲ ਨੇ ਕਿਹਾ ਕਿ ਜੇ ਜਨਤਾ ਦੁਬਾਰਾ ਮੌਕਾ ਦਿੰਦੀ ਹੈ ਤਾਂ ਉਹ ਅਧੂਰੇ ਵਿਕਾਸ ਕਾਰਜ ਪੂਰੇ ਕਰਨ ਦੇ ਨਾਲ-ਨਾਲ ਨਵੇਂ ਪ੍ਰੋਜੈਕਟਾਂ ਨੂੰ ਵੀ ਅਮਲ ਵਿੱਚ ਲਿਆਉਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਦੀ ਪਹਿਲੀ ਤਰਜੀਹ ਸ਼ਹਿਰ ਦੀਆਂ ਬੁਨਿਆਦੀ ਸੁਵਿਧਾਵਾਂ ਸਫਾਈ, ਸੜਕਾਂ ਅਤੇ ਪੀਣ ਵਾਲੇ ਪਾਣੀ ਦੀ ਸਹੂਲਤ ਨੂੰ ਹੋਰ ਬਿਹਤਰ ਬਣਾਉਣਾ ਹੋਵੇਗੀ। ਮੋਰਿੰਡਾ ਵਿੱਚ ਚੋਣਾਂ ਦੀ ਗੂੰਜ ਹੁਣ ਹੋਰ ਤੇਜ਼ ਹੋਣ ਲੱਗੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਸਿਆਸੀ ਤਸਵੀਰ ਹੋਰ ਵੀ ਸਾਫ਼ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪੀ. ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਵਲੋਂ ਟੈਗੋਰ ਥੀਏਟਰ ਵਿੱਚ ਕਰਾਏ ਗਏ ਥੀਏਟਰ ਨਾਟਕ - ਠੱਗੀ ਅਤੇ ਰਾਹਤ

**ਸੰਜੀਵ ਸਿੰਘ ਸੈਣੀ**





ਪੰਜਾਬ ਦਾ ਇਕ ਜਾਣਿਆ ਪਹਿਚਾਣਿਆ ਨਾਮ ਪਰਵੀਨ ਸੰਧੂ ਜੋ ਕਿ ਪੀ. ਐੱਸ ਆਰਟਸ ਐਂਡ ਕਲਚਰਲ ਸੁਸਾਇਟੀ ਦੇ ਪ੍ਰਧਾਨ ਹਨ। ਜੋ ਹਮੇਸ਼ਾ ਹੀ ਨਵੀਂ ਪੀੜ੍ਹੀ ਨੂੰ ਅਪਣੇ ਸੱਭਿਆਚਾਰ ਅਤੇ ਵਿਰਾਸਤ ਨਾਲ ਜਾਣੂ ਕਰਵਾਉਣ ਲਈ ਨਵੇਂ ਨਵੇਂ ਉਪਰਾਲੇ ਕਰਦੇ ਰਹਿੰਦੇ ਹਨ। ਅੱਜ ਮਿਤੀ 25 ਅਪ੍ਰੈਲ, 2026 ਨੂੰ ਇਹਨਾਂ ਦੀ ਪੀ. ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਵਲੋਂ ਟੈਗੋਰ ਥੀਏਟਰ, ਸੈਕਟਰ 18ਬ, ਚੰਡੀਗੜ੍ਹ ਵਿੱਚ ਥੀਏਟਰ ਨਾਟਕ ਠੱਗੀ ਅਤੇ ਰਾਹਤ ਕਰਾਏ ਗਏ। ਜਿਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ. ਏ. ਐੱਸ. ਰਾਏ (ਡੀ.ਜੀ.ਪੀ. ਪੰਜਾਬ), ਵਿਸ਼ੇਸ਼ ਮਹਿਮਾਨ ਸ਼੍ਰੀਮਤੀ ਨੀਸ਼ਾ ਲੂਥਰਾ (ਕਵਿੱਤਰੀ, ਥੀਏਟਰ ਅਤੇ ਫਿਲਮ ਡਾਇਰੈਕਟਰ), ਸ. ਗੁਰਮੀਤ ਸਿੰਘ (ਸੀਨੀਅਰ ਉਪ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ), ਸ਼੍ਰੀਮਤੀ ਰਫ਼ਤਾਰ ਕੌਰ (ਪੰਜਾਬੀ ਸਿੰਗਰ) ਅਤੇ ਵੈਮਸਲੇਅ ਉਕੁਕੂ (ਸਹਾਇਕ ਪ੍ਰੋਫੈਸਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਅਤੇ ਕੈਥਲੀਨ ਰਹੇ। ਇਸ ਮੌਕੇ ਨਾਭੇ ਤੋਂ ਕੁੰਵਰਜੋਤ ਸਿੰਘ, ਪਰਨੀਤ ਸਿੰਘ, ਸੁਰਿੰਦਰ ਸਿੰਘ ਅਤੇ ਯੁਵਰਾਜ ਸਿੰਘ ਨੇ ਉਚੇਚੇ ਤੌਰ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ। ਇਸ ਮੌਕੇ ਸਟੇਜ ਦੀ ਸਾਰੀ ਕਾਰਵਾਈ ਸ.ਬਲਕਾਰ ਸਿੰਘ ਸਿੱਧੂ ਰਾਸ਼ਟਰਪਤੀ ਅਵਾਰਡੀ (ਚੇਅਰਮੈਨ ਪੀ. ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ) ਵਲੋਂ ਬਾਖੂਬੀ ਨਿਭਾਈ ਗਈ। ਪੰਜਾਬੀ ਸਿੰਗਰ ਰਫ਼ਤਾਰ ਕੌਰ ਵੱਲੋਂ ਅਪਣੀ ਸੁਰੀਲੀ ਆਵਾਜ਼ ਨਾਲ ਮਾਹੌਲ ਨੂੰ ਹੋਰ ਵੀ ਖੂਬਸੂਰਤ ਬਣਾਇਆ ਗਿਆ। ਸ. ਏ. ਐੱਸ. ਰਾਏ (ਡੀ. ਜੀ. ਪੀ. ਪੰਜਾਬ) ਜੀ ਨੇ ਪਰਵੀਨ ਸੰਧੂ ਦੇ ਇਹਨਾਂ ਉਪਰਾਲਿਆਂ ਨੂੰ ਬਹੁਤ ਹੀ ਸ਼ਲਾਘਾਯੋਗ ਦੱਸਿਆ ਅਤੇ ਅਗਾਂਹ ਵੀ ਇਸ ਤਰਾਂ ਦੇ ਪ੍ਰੋਗਰਾਮ ਕਰਾਉਂਦੇ ਰਹਿਣ ਦੀ ਪ੍ਰੇਰਨਾ ਦਿੱਤੀ। ਉਹਨਾਂ ਨੇ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ। ਸ਼੍ਰੀਮਤੀ ਨੀਸ਼ਾ ਲੂਥਰਾ ਨੇ ਦੱਸਿਆ ਕਿ ਉਹ ਹਮੇਸ਼ਾ ਹੀ ਪਰਵੀਨ ਸੰਧੂ ਦੇ ਇਹਨਾਂ ਉਪਰਾਲਿਆਂ ਨੂੰ ਦੇਖ ਕੇ ਖੁਸ਼ ਹੁੰਦੇ ਹਨ ਅਤੇ ਇਸ ਗੱਲ ਦਾ ਮਾਣ ਮਹਿਸੂਸ ਕਰਦੇ ਹਨ ਕੇ ਪਰਵੀਨ ਸੰਧੂ ਵਰਗੀਆਂ ਸ਼ਖਸੀਅਤਾਂ ਦੇ ਹੁੰਦਿਆਂ ਪੰਜਾਬੀ ਸੱਭਿਆਚਾਰ ਅਤੇ ਥੀਏਟਰ ਨੂੰ ਕਿਸੇ ਵੀ ਗੱਲ ਤੋਂ ਖਤਰਾ ਨਹੀਂ ਹੈ। ਇਹ ਹਮੇਸ਼ਾ ਇਸੇ ਤਰਾਂ ਬੁਲੰਦ ਰਹੇਗਾ।

ਪੀ.ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਦੇ ਪ੍ਰਧਾਨ ਪਰਵੀਨ ਸੰਧੂ ਨੇ ਮਹਿਮਾਨ ਸਹਿਬਾਨਾਂ ਅਤੇ ਪ੍ਰੋਗਰਾਮ ਵਿਚ ਸ਼ਾਮਿਲ ਹੋਈਆਂ ਸਾਰੀਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ। ਉਹਨਾਂ ਨੇ ਅੱਜ ਕਰਾਏ ਗਏ ਥੀਏਟਰ ਨਾਟਕਾਂ ਉਤੇ ਚਾਨਣਾ ਪਾਉਂਦਿਆਂ ਨਾਟਕ ਦੁਆਰਾ ਦਿੱਤੇ ਗਏ ਸੁਨੇਹੇ ਬਾਰੇ ਦਸਿਆ ਕਿ ਕਿਸ ਤਰਾਂ ਭੋਲੇ ਲੋਕ ਠੱਗ ਏਜੰਟਾਂ ਦੀਆਂ ਗੱਲਾਂ ਵਿੱਚ ਆ ਕੇ ਆਪਣੀਆਂ ਜਮੀਨਾਂ ਵੇਚ ਬੈਠਦੇ ਹਨ ਅਤੇ ਕਈ ਤਾਂ ਡੌਂਕੀਆਂ ਵਿੱਚ ਅਪਣੇ ਪੁੱਤਰ ਧੀਆਂ ਹੀ ਗਵਾ ਲੈਂਦੇ ਹਨ। ਦੂਸਰਾ ਨਾਟਕ ਠੱਗੀ ਰਾਹੀਂ ਇਹ ਸੁਨੇਹਾ ਦਿੱਤਾ ਗਿਆ ਕਿ ਜਦੋਂ ਵੀ ਪੰਜਾਬ ਦੇ ਲੋਕਾਂ ਤੇ ਕੋਈ ਵੀ ਮੁਸੀਬਤ ਆਉਂਦੀ ਹੈ ਤਾਂ ਲੀਡਰ ਆਮ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਤਾਂ ਕਰਦੇ ਹਨ ਪਰ ਸਿਰਫ ਵੋਟਾਂ ਲਈ, ਅਸਲੀਅਤ ਵਿੱਚ ਆਮ ਲੋਕਾਂ ਨੂੰ ਆਪ ਹੀ ਸੰਘਰਸ਼ ਕਰਨਾ ਪੈਂਦਾ ਹੈ। ਇਹ ਠੱਗੀ ਨਾਟਕ, ਥੀਏਟਰ ਡਾਇਰੈਕਟਰ ਇਕੱਤਰ ਸਿੰਘ ਵਲੋਂ ਲਿਖਿਆ ਅਤੇ ਦਿਸ਼ਾ ਨਿਰਦੇਸ਼ ਕੀਤਾ ਗਿਆ ਅਤੇ ਰਾਹਤ ਨਾਟਕ ਸ.ਗੁਰਸ਼ਰਨ ਸਿੰਘ ਵਲੋਂ ਲਿਖਿਆ ਅਤੇ ਇੱਕਤਰ ਸਿੰਘ ਵਲੋਂ ਦਿਸ਼ਾ ਨਿਰਦੇਸ਼ ਕੀਤਾ ਗਿਆ। ਇਹਨਾਂ ਦੋਵੇਂ ਨਾਟਕਾਂ ਵਿੱਚ ਇਕੱਤਰ ਸਿੰਘ, ਪ੍ਰਭਜੋਤ ਕੌਰ, ਜੌਹਨ, ਗੁਰਪਿਆਰ ਸਿੰਘ ਅਤੇ ਅਕਾਸ਼ ਨੇ ਖੂਬ ਭੂਮਿਕਾ ਨਿਭਾਈ। ਪੀ.ਐੱਸ. ਆਰਟਸ ਐਂਡ ਕਲਚਰਲ ਸੁਸਾਇਟੀ ਦੀ ਜਨਰਲ ਸਕੱਤਰ ਰਾਜਦੀਪ ਕੌਰ ਮੁਲਤਾਨੀ, ਐਡਵਾਈਜ਼ਰ ਮੀਨਾ ਚੱਢਾ, ਸ.ਤੇਜਾ ਸਿੰਘ ਥੂਹਾ, ਸੁਧਾ ਗੁਪਤਾ, ਪ੍ਰੇਮਲਤਾ ਖਰਬੰਦਾ, ਸਮਰੀਤ ਕੌਰ, ਕਿਰਨਦੀਪ ਕੌਰ, ਬਲਜਿੰਦਰ ਸਿੰਘ ਢਿੱਲੋਂ, ਰਾਹੁਲ ਅਤੇ ਦੇਵੀ ਪਰਸਨ ਮੌਕੇ ਤੇ ਸ਼ਾਮਿਲ ਹੋਏ।

# ਨਾਲਾਗੜ੍ਹ ਨਗਰ ਦੀ ਨਵੀ ਕਾਰਜਕਾਰਣੀ ਨੂੰ ਸਵਸਤਿਕ ਗੌਤਮ ਵੱਲੋਂ ਬਧਾਈਆਂ

**ਚੰਡੀਗੜ੍ਹ, 28 ਅਪ੍ਰੈਲ ਗੁਰਭਿੰਦਰ ਗੁਰੀ।** ਬੀਬੀਐਨ ਖੇਤਰ ਨਾਲ ਸੰਬੰਧਿਤ ਨੌਜਵਾਨ ਸਵਸਤਿਕ ਗੌਤਮ, ਜੋ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਕੈਂਪਸ ਵਿੱਚ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ (ਅਭਾਵਿਪ) ਦੇ ਜਵਾਇੰਟ ਸਕੱਤਰ ਹਨ, ਨੇ ਨਾਲਾਗੜ੍ਹ ਨਗਰ ਦੀ ਨਵੀਂ ਕਾਰਜਕਾਰਣੀ 2026-27 ਦੇ ਗਠਨ ਮੌਕੇ ਆਸ਼ੀਸ਼ ਨੂੰ ਨਗਰ ਪ੍ਰਧਾਨ ਅਤੇ ਭਾਵਨਾ ਅਟਲ ਨੂੰ ਨਗਰ ਮੰਤਰੀ ਬਣਨ ‘ਤੇ ਖੁਸ਼ੀ ਪ੍ਰਗਟ ਕਰਦੇ ਹੋਏ ਉਨ੍ਹਾਂ ਨੂੰ ਦਿਲੋਂ ਬਧਾਈ ਦਿੱਤੀ। ਉਨ੍ਹਾਂ ਨੇ ਇਹ ਵੀ ਵਿਸ਼ਵਾਸ ਜਤਾਇਆ ਕਿ ਨਵੀਂ ਕਾਰਜਕਾਰਣੀ ਸੰਸਥਾ ਦੇ ਕੰਮ ਨੂੰ ਅੱਗੇ ਵਧਾਉਂਦਿਆਂ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਕਰਨ ਵਿੱਚ ਸਫਲ ਰਹੇਗੀ।





# ਡੈਮੋਕ੍ਰੇਟਿਕ ਟੀਚਰਜ ਫਰੰਟ ਪੰਜਾਬ ਦੀ ਮੁੱਲਾਂਪੁਰ ਚ ਵਿਸ਼ਾਲ ਮੀਟਿੰਗ ਹੋਈ

## ਜਗਦੀਪ ਸਿੰਘ ਤੇ ਅਵਤਾਰ ਸਿੰਘ ਖਾਲਸਾ ਇਲਾਕਾ ਕਮੇਟੀ ਮੁੱਲਾਂਪੁਰ ਦੇ ਪ੍ਰਧਾਨ ਸਕੱਤਰ ਚੁਣੇ ਗਏ



**ਮੁੱਲਾਂਪੁਰ ਦਾਖਾ, 28 ਅਪ੍ਰੈਲ ( )** ਡੈਮੋਕ੍ਰੇਟਿਕ ਟੀਚਰਜ ਫਰੰਟ ਪੰਜਾਬ ਦੀ ਵਿਸ਼ਾਲ ਮੀਟਿੰਗ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਦੀ ਅਗਵਾਈ ਵਿੱਚ ਗੁਰਸ਼ਰਨ ਕਲਾ ਭਵਨ ਵਿਖੇ ਹੋਈ, ਜਿਸ ਵਿੱਚ ਇਲਾਕੇ ਭਰ ਤੋਂ ਬਹੁ- ਗਿਣਤੀ ਅਧਿਆਪਕਾਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿੱਚ ਪੰਜਾਬ ਸਰਕਾਰ ਦੁਆਰਾ ਮੁਲ-ਾਜ਼ਮ ਵਿਰੋਧੀ ਨੀਤੀਆਂ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮ ਵਿਰੋਧੀ ਰਵੱਈਏ ਦਾ ਵਿਸ਼ਲੇਸ਼ਣ ਕੀਤਾ ਗਿਆ। ਇਸ ਮੌਕੇ ਵੱਖ ਵੱਖ ਬੁਲਾਰਿਆਂ ਜਿਹਨਾਂ ਵਿੱਚ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਿਲ੍ਹਾ ਪ੍ਰਧਾਨ ਰਮਨਜੀਤ ਸਿੰਘ ਸੰਧੂ, ਸਕੱਤਰ ਰੁਪਿੰਦਰਪਾਲ ਸਿੰਘ ਗਿੱਲ, ਮੀਤ ਪ੍ਰਧਾਨ ਬਲਵੀਰ ਸਿੰਘ ਬਾਸੀਆਂ ਨੇ ਜੱਥੇਬੰਦੀ ਵੱਲੋਂ ਜਿੱਥੇ ਵੱਖ-ਵੱਖ ਮੋਰਚਿਆਂ ਤੇ ਪੰਜਾਬ ਸਰਕਾਰ ਵਿਰੁੱਧ ਵਿੱਢੇ ਸੰਘਰਸ਼ ਤੇ ਵੀ ਚਾਨਣਾ ਪਾਇਆ। ਉਹਨਾਂ ਦੱਸਿਆ ਕਿ ਡੈਮੋਕ੍ਰੇਟਿਕ ਟੀਚਰਜ ਫਰੰਟ ਪੰਜਾਬ ਵੱਲੋਂ ਵੱਖ-ਵੱਖ ਮੁਲ-ਾਜ਼ਮ ਜੱਥੇਬੰਦੀਆਂ ਦੇ ਸਹਿਯੋਗ ਨਾਲ ਪੁਰਾਣੀ ਪੈਨਸ਼ਨ ਬਹਾਲੀ, ਪੁਰਾਣੇ ਸਕੇਲ ਤੇ ਕੱਟੇ ਭੱਤੇ ਬਹਾਲੀ ਮੋਰਚੇ ਦੇ ਬੈਨਰ ਪੰਜਾਬ ਸਰਕਾਰ ਖਿਲਾਫ ਲੜਾਈ ਲੜੀ ਜਾ ਰਹੀ ਹੈ। ਜਿਸ ਲਈ 17 ਮਈ ਨੂੰ ਮੁਹਾਲੀ ਵਿੱਚ ਇੱਕ ਵਿਸ਼ਾਲ ਰੋਸ ਰੈਲੀ ਕੀਤੀ ਜਾ ਰਹੀ ਹੈ। ਇਸ ਲਈ ਇਲਾਕਾ ਮੁੱਲਾਂਪੁਰ ਦੀ ਲੋੜ ਨੂੰ ਮੁੱਖ ਰੱਖਦਿਆਂ ਡੈਮੋਕ੍ਰੇਟਿਕ ਟੀਚਰਜ ਫਰੰਟ ਪੰਜਾਬ ਦੀ ਇਲਾਕਾ ਕਮੇਟੀ ਦੀ ਚੋਣ ਕੀਤੀ ਗਈ। ਜਿਸ ਵਿੱਚ ਜਗਦੀਪ ਸਿੰਘ ਜੌਨੀ ਪ੍ਰਧਾਨ ਤੇ ਅਵਤਾਰ ਸਿੰਘ ਖਾਲਸਾ ਮੁੱਲਾਂਪੁਰ ਨੂੰ ਸਕੱਤਰ ਚੁਣਿਆ ਗਿਆ। ਇਸ ਮੌਕੇ ਅਮਨਦੀਪ ਸਿੰਘ ਮੁਸ਼ਕਿਆਣਾ ਸਾਹਿਬ, ਕੁਲਵੰਤ ਸਿੰਘ, ਮਨਪ੍ਰੀਤ ਸਿੰਘ ਕਮੇਟੀ ਮੈਂਬਰ ਚੁਣੇ ਗਏ। ਚੁਣੇ ਪ੍ਰਧਾਨ ਸਕੱਤਰ ਨੇ ਸੂਬਾ ਤੇ ਜਿਲ੍ਹਾ ਕਮੇਟੀ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਉਹਨਾਂ ਨੂੰ ਜੱਥੇਬੰਦੀ ਨੇ ਜੋ ਡਿਊਟੀ ਸੰਭਾਲੀ ਹੈ, ਉਸ ਨੂੰ ਉਹ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਜੱਥੇਬੰਦੀ ਦੇ ਸੀਨੀਅਰ ਸਾਥੀ ਗੁਰਦਿਆਲ ਸਿੰਘ ਮੰਡਿਆਣੀ, ਇੰਦਰਜੀਤ ਸਿੰਘ ਮੁੱਲਾਂਪੁਰ, ਹਰਕੇਸ਼ ਚੌਧਰੀ, ਗੁਰਮੀਤ ਸਿੰਘ ਧਨੋਆ, ਪਰਗਟ ਸਿੰਘ ਤਲਵੰਡੀ, ਰਾਜਿੰਦਰ ਸਿੰਘ ਜੰਡਿਆਲੀ, ਬਲਦੇਵ ਸਿੰਘ ਸ਼ੇਖੂਪੁਰਾ, ਲੈਕ ਬੂਟਾ ਸਿੰਘ, ਜੰਗਪਾਲ ਸਿੰਘ ਰਾਏਕੋਟ, ਪ੍ਰਭਜੋਤ ਸਿੰਘ ਰਾਏਕੋਟ, ਹਰਿੰਦਰ ਮੰਡਿਆਣੀ, ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਵੱਲੋਂ ਗੁਰਦੀਪ ਸਿੰਘ ਬਾਸੀ, ਨਰਿੰਦਰ ਰਾਇਕੋਟ, ਪ੍ਰਭਜੋਤ ਸਿੰਘ ਤਲਵੰਡੀ, ਜਸਵਿੰਦਰ ਸਿੰਘ ਐਤੀਆਣਾ , ਕੁਲਦੀਪ ਡੀ ਪੀ ਈ ਆਦਿ ਹਾਜ਼ਰ ਸਨ।

# ਆਈ.ਏ.ਐਸ. ਅਧਿਕਾਰੀ ਗੁਰਕੰਵਲ ਸਿੰਘ ਨੇ ਸਹਾਇਕ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** 2025 ਬੈਚ ਦੇ ਆਈ.ਏ.ਐਸ. ਅਧਿਕਾਰੀ ਗੁਰਕੰਵਲ ਸਿੰਘ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਮੌਜੂਦਗੀ ਵਿਚ ਸਹਾਇਕ ਕਮਿਸ਼ਨਰ (ਅੰਡਰ ਟ੍ਰੇਨਿੰਗ) ਵਜੋਂ ਅਹੁਦਾ ਸੰਭਾਲਿਆ। ਜਲੰਧਰ ਜ਼ਿਲ੍ਹੇ ਨਾਲ ਸਬੰਧਤ ਗੁਰਕੰਵਲ ਸਿੰਘ, ਜਿਨ੍ਹਾਂ ਦੀ ਇਹ ਪਹਿਲੀ ਫੀਲਡ ਪੋਸਟਿੰਗ ਹੈ, ਨੇ ਥਾਪਰ ਯੂਨੀਵਰਸਿਟੀ, ਪਟਿਆਲਾ ਤੋਂ ਸਿਵਲ ਇੰਜੀਨੀਅਰਿੰਗ ਕੀਤੀ ਹੋਈ ਹੈ। ਉਨ੍ਹਾ ਦੇ ਪਿਤਾ ਸਤਪਾਲ ਸਿੰਘ ਮੁਲਤਾਨੀ ਸੇਵਾ ਮੁਕਤ ਸਹਾਇਕ ਆਬਕਾਰੀ ਅਤੇ ਕਰ ਕਮਿਸ਼ਨਰ ਹਨ। ਅਹੁਦਾ ਸੰਭਾਲਣ ਸਮੇਂ ਗੁਰਕੰਵਲ ਸਿੰਘ ਨੇ ਕਿਹਾ ਕਿ ਉਹ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਵਿਚ ਪੂਰੀ ਤਨਦੇਹੀ, ਇਮਾਨਦਾਰੀ ਅਤੇ ਸਮਰਪਣ ਭਾਵਨਾ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨਿਕ ਅਤੇ ਨਾਗਰਿਕ ਸੇਵਾਵਾਂ ਲੋਕਾਂ ਤੱਕ ਘੱਟੋ-ਘੱਟ ਸਮੇਂ ਵਿਚ ਪੁੱਜਦੀਆਂ ਕਰਨਾ ਅਤੇ ਜਨਤਕ ਸ਼ਿਕਾਇਤਾਂ ਦਾ ਸਮਾਂਬੱਧ ਨਿਪਟਾਰਾ ਉਨ੍ਹਾਂ ਦੀ ਮੁੱਖ ਤਰਜ਼ੀਹ ਰਹੇਗੀ। ਇਸ ਤੋਂ ਪਹਿਲਾ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਗੁਰਕੰਵਲ ਸਿੰਘ ਨੂੰ ਨਵੀਂ ਜ਼ਿੰਮੇਵਾਰੀ ਅਤੇ ਪ੍ਰਸ਼ਾਸਨਿਕ ਸੇਵਾਵਾਂ ਦੇ ਖੇਤਰ ਵਿਚ ਬਿਹਤਰੀਨ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ 'ਤੇ ਸਹਾਇਕ ਕਮਿਸ਼ਨਰ ਪਰਮਪ੍ਰੀਤ ਸਿੰਘ, ਸਹਾਇਕ ਕਮਿਸ਼ਨਰ ਗੁਰਪ੍ਰੀਤ ਕੌਰ, ਆਈ.ਏ.ਐਸ. ਅਧਿਕਾਰੀ ਗੁਰਕੰਵਲ ਸਿੰਘ ਦੇ ਪਿਤਾ ਸਤਪਾਲ ਸਿੰਘ ਮੁਲਤਾਨੀ, ਮਾਤਾ ਪਰਮਜੀਤ ਕੌਰ ਅਤੇ ਹੋਰ ਪਰਿਵਾਰਕ ਮੈਂਬਰ ਵੀ ਮੌਜੂਦ ਸਨ।

# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਪੰਜਾਬ ਡਿਸਪਿਊਟ ਰੈਜ਼ੋਲੂਸ਼ਨ ਅਤੇ ਲਿਟੀਗੇਸ਼ਨ ਪਾਲਿਸੀ ਤਹਿਤ ਮੀਟਿੰਗ

## ਕੇਸਾਂ ਦੇ ਤੁਰੰਤ ਨਿਪਟਾਰੇ ਅਤੇ ਬੇਲੋੜੀ ਮੁਕੱਦਮੇਬਾਜ਼ੀ ਘਟਾਉਣ 'ਤੇ ਦਿੱਤਾ ਜ਼ੋਰ



**ਨਵਾਂਸ਼ਹਿਰ, 28 ਅਪ੍ਰੈਲ(ਜਤਿੰਦਰ ਪਾਲ ਸਿੰਘ ਕਲੇਰ )** ਵਧੀਕ ਡਿਪਟੀ ਕਮਿਸ਼ਨਰ ਅਵਨੀਤ ਕੌਰ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਦੇ ਮੀਟਿੰਗ ਹਾਲ ਵਿਖੇ ਪੰਜਾਬ ਡਿਸਪਿਊਟ ਰੈਜ਼ੋਲੂਸ਼ਨ ਅਤੇ ਲਿਟੀਗੇਸ਼ਨ ਪਾਲਿਸੀ ਤਹਿਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੇਲੋੜੀ ਮੁਕੱਦਮੇਬਾਜ਼ੀ ਨੂੰ ਘਟਾਉਣ ਅਤੇ ਵਿਵਾਦਾਂ ਦੇ ਸਮਾਂਬੱਧ ਨਿਪਟਾਰੇ ਲਈ ਇਹ ਪਾਲਿਸੀ ਲਾਗੂ ਕੀਤੀ ਗਈ ਹੈ। ਉਨ੍ਹਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਅਦਾਲਤਾਂ ਵਿੱਚ ਲੰਬਿਤ ਪਏ ਕੇਸਾਂ ਦੀ ਸਮੀਖਿਆ ਕਰਕੇ ਉਨ੍ਹਾਂ ਕੇਸਾਂ ਦੀ ਪਛਾਣ ਕੀਤੀ ਜਾਵੇ, ਜਿਨ੍ਹਾਂ ਦਾ ਵਿਭਾਗੀ ਪੱਧਰ 'ਤੇ ਹੀ ਨਿਪਟਾਰਾ ਸੰਭਵ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਵਿਭਾਗਾਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਹਰ ਮਹੀਨੇ ਲੰਬਿਤ ਕੇਸਾਂ ਦੀ ਸਥਿਤੀ ਰਿਪੋਰਟ ਤਿਆਰ ਕਰਕੇ ਦਫ਼ਤਰ ਨੂੰ ਭੇਜੀ ਜਾਵੇ ਅਤੇ ਆਪਸੀ ਸਹਿਮਤੀ ਰਾਹੀਂ ਵਿਵਾਦਾਂ ਦੇ ਹੱਲ ਨੂੰ ਪਹਿਲ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਪਾਲਿਸੀ ਦਾ ਮੁੱਖ ਮਕਸਦ ਆਮ ਲੋਕਾਂ ਨੂੰ ਜਲਦ ਤੇ ਸਸਤਾ ਨਿਆਂ ਦਿਵਾਉਣਾ ਹੈ। ਇਸ ਮੌਕੇ ਜ਼ਿਲ੍ਹਾ ਅਟਾਰਨੀ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਵਾਹਨਾਂ ਦੀ ਚੈਕਿੰਗ, ਇੱਕ ਸਕੂਲੀ ਬੱਸ ਦਾ ਕਟਿਆ ਚਲਾਨ







**ਨਵਾਂਸ਼ਹਿਰ, 28 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾ ਤਹਿਤ ਅਤੇ ਡਿਪਟੀ ਕਮਿਸ਼ਨਰ ਸ਼੍ਰੀ ਗੁਲਪ੍ਰੀਤ ਸਿੰਘ ਉਲਖ (ਆਈ.ਏ.ਐਸ) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਪ੍ਰੋਗਰਾਮ ਅਫਸਰ ਸ਼੍ਰੀ ਜਗਰੂਪ ਸਿੰਘ ਦੀ ਅਗਵਾਈ ਹੇਠ ਜਿਲ੍ਹਾ ਬਾਲ ਸੁਰੱਖਿਆ ਅਫਸਰ ਸ਼੍ਰੀਮਤੀ ਕੰਚਨ ਅਰੋੜਾ ਵਲੋਂ ਟੀਮ ਦੇ ਸਹਿਯੋਗ ਨਾਲ ਸਾਂਝੇ ਤੌਰ ਤੇ ਸੇਫ ਸਕੂਲ ਵਾਹਨ ਪਾਲਿਸੀ ਨੂੰ ਲਾਗੂ ਕਰਨ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਦੇ ਤਹਿਤ ਨਵਾਂ ਸ਼ਹਿਰ ਜਿਲ੍ਹੇ ਵਿੱਚ ਸਕੂਲੀ ਵਾਹਨਾ ਦੀ ਚੈਕਿੰਗ ਕੀਤੀ ਗਈ ਅਤੇ ਸਕੂਲੀ ਬਸਾਂ ਦੇ ਡਰਾਈਵਰਾਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਬਾਰੇ ਜਾਣੂੰ ਕਰਵਾਇਆ ਗਿਆ। ਚੈਕਿੰਗ ਦੌਰਾਨ ਕੈਂਬਰਿਜ ਸਕੂਲ, ਦੁਆਬਾ ਪਬਲਿਕ ਸਕੂਲ, ਕੈਮਬ੍ਰਿਜ ਪਬਲਿਕ ਸਕੂਲ, ਟੈਗੋਰ ਮਾਡਲ ਸਕੂਲ, ਕੇਸੀ ਪਬਲਿਕ ਸਕੂਲ, ਸੇਂਟ ਜੋਸਫ਼ ਸਕੂਲ, ਸਿਵਾਲਿਕ ਪਬਲਿਕ ਸਕੂਲ ਅਤੇ ਟੈਗੋਰ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੀਆਂ ਬੱਸਾਂ ਵੀ ਸ਼ਾਮਲ ਸਨ। ਇਸ ਮੁਹਿੰਮ ਦੌਰਾਨ ਤਕਰੀਬਨ 12 ਸਕੂਲਾਂ ਦੀਆਂ ਕੁੱਲ 19 ਸਕੂਲੀ ਬੱਸਾਂ ਦੇ ਦਸਤਾਵੇਜ ਚੈੱਕ ਕੀਤੇ ਗਏ ਅਤੇ ਸੇਫ ਸਕੂਲ ਵਾਹਨ ਪਾਲਸੀ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਵਾਲੀ ਇੱਕ ਸਕੂਲੀ ਬੱਸ ਦਾ ਚਲਾਨ (ਡਰਾਈਵਰ ਵੱਲੋ ਸੀਟ ਬੈਲਟ ਨਾ ਲਾਉਣ ਕਰ ਕੇ) ਵੀ ਕੀਤਾ ਗਿਆ। ਇਸ ਮੌਕੇ ਟੀਮ ਵਲੋਂ ਸਕੂਲੀ ਵਾਹਨਾਂ ਦੇ ਡਰਾਈਵਰਾਂ ਨੂੰ ਇਹ ਗੱਲ ਸਪੱਸ਼ਟ ਕੀਤੀ ਗਈ ਕਿ ਸੇਫ ਸਕੂਲ ਵਾਹਨ ਪਾਲਿਸੀ ਦੀਆ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਵਾਹਨਾਂ ਤੇ ਬਣਦੀ ਕਾਨੂੰਨੀ ਕਾਰਵਾਈ ਹੋਣੀ ਯਕੀਨੀ ਬਣਾਈ ਜਾਵੇਗੀ। ਜਿਲ੍ਹਾ ਬਾਲ ਸੁਰੱਖਿਆ ਦਫਤਰ ਵਲੋਂ ਸਮੇ-ਸਮੇ ਤੇ ਸਕੂਲ ਦੇ ਪ੍ਰਿੰਸੀਪਲ ਅਤੇ ਸਕੂਲ ਵਾਹਨਾ ਦੇ ਡਰਾਈਵਰਾਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਜਿਵੇ ਕਿ ਸੀ.ਸੀ ਟੀ. ਵੀ. ਕੈਮਰਾ, ਖਿੜਕੀ ਤੇ ਲੋਹੇ ਦੀ ਗਰਿਲ, ਫਸਟ ਏਡ ਬਾਕਸ, ਲੇਡੀ ਕੰਡਕਟਰ, ਬਸ ਡਰਾਈਵਰ ਦਾ ਸਕੂਲ ਯੂਨੀਫੋਮ ਵਿੱਚ ਹੋਣਾ, ਸੀਟ ਬੈਲਟ ਲਗਾਣਾ, ਕਪੈਸਿਟੀ ਤੋਂ ਵੱਧ ਬੱਚੇ ਸਕੂਲ ਬੱਸ ਵਿੱਚ ਨਾ ਬਿਠਾਣਾ ਆਦਿ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸਕੂਲ ਵਾਰਨ ਦੇ ਡਰਾਇਵਰਾ ਕੋਲ ਵਾਹਨ ਦੇ ਕਾਗਜਾਤ ਵੀ ਪੂਰੇ ਹੋਣੇ ਚਾਹੀਦੇ ਹਨ ਤਾਂ ਜੋ ਉਹਨਾ ਨੂੰ ਕਿਸੇ ਵੀ ਪ੍ਰਕਾਰ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਟ੍ਰਾਂਸਪੋਰਟ ਵਿਭਾਗ ਵੱਲੋਂ ਸ੍ਰੀ ਇੰਦਰਪਾਲ ਸਿੰਘ ਰੀਜਨਲ ਟਰਾਂਸਪੋਰਟ ਅਫਸਰ ਵੱਲੋਂ ਆਮ ਜਨਤਾ ਨੂੰ ਅਪੀਲ ਵੀ ਕੀਤੀ ਗਈ ਹੈ ਕਿ ਆਪਣੇ ਬੱਚਿਆਂ ਨੂੰ ਸਕੂਲੀ ਬੱਸਾਂ ਵਿੱਚ ਭੇਜਣ ਤੋਂ ਪਹਿਲੇ ਸਕੂਲੀ ਬੱਸਾਂ ਦਾ ਜਾਇਜ਼ਾ ਜਰੂਰ ਲੈਣ ਤਾਂ ਜੋ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾ ਸਕਣ। ਇਸਦੇ ਨਾਲ ਹੀ ਉਨ੍ਹਾਂ ਵੱਲੋਂ ਸਕੂਲੀ ਬੱਸਾਂ ਦੇ ਡਰਾਈਵਰਾਂ ਨੂੰ ਚੇਤਾਵਨੀ ਦਿੱਤੀ ਗਈ ਕਿ ਸੇਫ ਸਕੂਲ ਵਾਹਨ ਪਾਲਸੀ ਦੀ ਉਲੰਘਣਾ ਕਰਨ ਤੇ ਬਸਾਂ ਨੂੰ ਬੰਦ ਕਰਨ ਜਾਂ ਚਲਾਨ ਕੱਟਣ ਤੇ ਕਿਸੇ ਤਰ੍ਹਾਂ ਦੀ ਢਿੱਲ ਨਹੀਂ ਵਰਤੀ ਜਾਏਗੀ। ਸਾਰੇ ਡਰਾਈਵਰ, ਬੱਸਾਂ ਨੂੰ ਰੋਡ ਤੇ ਲਿਆਣ ਤੋਂ ਪਹਿਲਾਂ ਆਪਣੇ ਅਤੇ ਆਪਣੀ ਬਸਾਂ ਦੇ ਦਸਤਾਵੇਜ਼ ਤੰਦਰੁਸਤ ਕਰ ਲੈਣ। ਇਸ ਮੌਕੇ ਟੀਮ ਵਿੱਚ ਸ੍ਰੀ ਇੰਦਰਪਾਲ ਸਿੰਘ ਰੀਜਨਲ ਟਰਾਂਸਪੋਰਟ ਅਫਸਰ, ਜਿਲਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ, ਗੌਰਵ ਸ਼ਰਮਾ (ਸੀ ਪੀ ਓ),ਸਿੱਖਿਆ ਵਿਭਾਗ ਤੋਂ ਸੁਰਿੰਦਰਪਾਲ ਅਗਨੀਹੋਤਰੀ ਪ੍ਰਿੰਸੀਪਲ, ਪੁਲਿਸ ਵਿਭਾਗ ਤੋਂ ਟਰੈਫ਼ਿਕ ਇੰਚਾਰਜ ਸੁਭਾਸ਼ ਚੰਦ ਅਤੇ ਸੁਨੀਲ ਦੱਤ ਵੀ ਮੌਜੂਦ ਸਨ।

# ਡਾ. ਅੰਬੇਡਕਰ ਵੈੱਲਫੇਅਰ ਸੁਸਾਇਟੀ ਪਿੰਡ ਬੋਹਣ, ਵਿਧਾਨ ਸਭਾ ਚੱਬੇਵਾਲ ਵੱਲੋਂ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਸਾਂਝੇ ਤੌਰ ਮਨਾਇਆ ਗਿਆ








**ਚੱਬੇਵਾਲ 28 ਅਪ੍ਰੈਲ (ਚਰਨਜੀਤ ਸੱਲ੍ਹਾਂ )** ਇਸ ਪ੍ਰੋਗਰਾਮ ਦੀ ਸ਼ੁਰੂਆਤ ਰਸਮੀ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਫੁੱਲ ਮਾਲ਼ਾ ਅਰਪਿਤ ਕੀਤੀ ਗਈ। ਇਸ ਵਕਤ ਮੁੱਖ ਬੁਲਾਰੇ ਵਜੋਂ ਡਾ. ਜਸਵੰਤ ਰਾਏ (ਖੋਜ਼ ਕਰ ਭਾਸ਼ਾ ਵਿਭਾਗ ਪੰਜਾਬ) ਅਤੇ ਸ. ਅਮਨਦੀਪ ਸਿੰਘ ਸਿੱਧੂ ਬਾੜੀਆਂ(ਫੂਲੇ ਸ਼ਾਹੂ ਅੰਬੇਡਕਰੀ ਕਾਰਜਕਰਤਾ) ਵੱਲੋਂ ਵਿਚਾਰ ਪੇਸ਼ ਕੀਤੇ। ਇਸ ਮੌਕੇ ਵਿਸ਼ੇਸ਼ ਮਹਿਮਾਨ ਪਿੰਡ ਦੇ ਸਰਪੰਚ, ਐਡਵੋਕੇਟ ਹਨੀ ਅਜ਼ਾਦ ਜੀ, ਰਿਟਾਇਰਡ ਸੀਨੀਅਰ ਮੈਨੇਜਰ ਗੁਰਮੇਜ ਜੀ, ਸੀਨੀਅਰ ਮੈਨੇਜਰ ਕੁਲਵਿੰਦਰ ਕੁਮਾਰ, ਮੈਨੇਜਰ ਸੰਤੋਖ ਜੀ ਪਹੁੰਚੇ। ਉਸ ਮੌਕੇ ਤੇ ਵੱਖ-ਵੱਖ ਬੁੱਧੀਜੀਵੀ ਬੁਲਾ ਰਹੇ ਨੇ ਵਿਚਾਰ ਪੇਸ਼ ਕੀਤੇ। ਪ੍ਰੋਗਰਾਮ ਦੇ ਪ੍ਰੰਬਧਕ ਨੋਜਵਾਨ ਅਤੇ ਉਹਨਾਂ ਦੀ ਸਮੁੱਚੀ ਟੀਮ। ਇਸ ਮੌਕੇ ਰਿਟਾਇਰਡ ਲਾਈਨ ਮੈਨ ਚਰਨਜੀਤ ਸਿੰਘ ਬਾੜੀਆਂ, ਸ੍ਰੀ ਪ੍ਰਦੀਪ ਕੁਮਾਰ ਬਾੜੀਆਂ ਪ੍ਰਧਾਨ ਯੂਥ ਵੈਲਫੇਅਰ ਸੁਸਾਇਟੀ, ਸ਼੍ਰੀ ਕੋਸ਼ਲ ਕੁਮਾਰ ਜੀ ਅਤੇ ਹੋਰ ਅਨੇਕਾਂ ਸਾਥੀਆਂ ਨੇ ਸ਼ਿਰਕਤ ਕੀਤੀ।

# ਡ੍ਰੇਨ ਸੁਧਾਰ ਕੰਮ ਲਈ 12 ਲੱਖ ਰੁਪਏ ਦੀ ਮਨਜ਼ੂਰੀ – ਵਿਧਾਇਕ ਜਿੰਪਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸ਼ਹਿਰ ਦੇ ਵਾਰਡ ਨੰਬਰ 45, ਟਾਂਡਾ ਰੋਡ ਸਥਿਤ ਸੂਚ ਹਸਪਤਾਲ ਦੇ ਨੇੜੇ ਲੰਬੇ ਸਮੇਂ ਤੋਂ ਚੱਲ ਰਹੀ ਪਾਣੀ ਦੀ ਨਿਕਾਸ ਦੀ ਸਮੱਸਿਆ ਦੇ ਹੱਲ ਲਈ ਮਹੱਤਵਪੂਰਨ ਕਦਮ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ ਇਸ ਖੇਤਰ ਵਿੱਚ ਡ੍ਰੇਨ ਨੂੰ ਠੀਕ ਕਰਨ ਲਈ ਕਰੀਬ 12 ਲੱਖ ਰੁਪਏ ਦੀ ਲਾਗਤ ਨਾਲ 220 ਮੀਟਰ ਲੰਬੀ ਪਾਈਪਲਾਈਨ ਪਾਈ ਜਾਵੇਗੀ। ਵਿਧਾਇਕ ਜਿੰਪਾ ਨੇ ਕਿਹਾ ਕਿ ਇਸ ਪ੍ਰੋਜੈਕਟ ਦੇ ਪੂਰਾ ਹੋਣ ਤੋਂ ਬਾਅਦ ਇਲਾਕੇ ਵਿੱਚ ਪਾਣੀ ਨਿਕਾਸ ਪ੍ਰਣਾਲੀ ਵਿੱਚ ਵੱਡਾ




ਸੁਧਾਰ ਆਵੇਗਾ ਅਤੇ ਲੋਕਾਂ ਨੂੰ ਪਾਣੀ ਖੜ੍ਹੇ ਹੋਣ ਦੀ ਸਮੱਸਿਆ ਤੋਂ ਰਾਹਤ ਮਿਲੇਗੀ। ਉਨ੍ਹਾਂ ਦੱਸਿਆ ਕਿ ਮੀਂਹ ਦੇ ਮੌਸਮ ਦੌਰਾਨ ਇੱਥੇ ਪਾਣੀ ਇਕੱਠਾ ਹੋ ਜਾਣ ਕਰਕੇ ਲੋਕਾਂ ਨੂੰ ਕਾਫ਼ੀ ਪ੍ਰੇਸ਼ਾਨੀ ਦਾ ਸਾਹ-ਮਣਾ ਕਰਨਾ ਪੈਂਦਾ ਸੀ, ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਕੰਮ ਨੂੰ ਤਰਜੀਹ ਦਿੱਤੀ ਗਈ ਹੈ। ਵਿਧਾਇਕ ਨੇ ਕਿਹਾ ਕਿ ਇਹ ਕੰਮ ਸਿਰਫ਼ ਅਸਥਾਈ ਹੱਲ ਨਹੀਂ, ਸਗੋਂ ਪੱਕੀ ਪ੍ਰਣਾਲੀ ਨੂੰ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਕੰਮ ਨੂੰ ਸਮੇਂ ਸਿਰ ਅਤੇ ਵਧੀਆ ਗੁਣਵੱਤਾ ਨਾਲ ਪੂਰਾ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਜਲਦੀ ਤੋਂ ਜਲਦੀ ਇਸਦਾ ਲਾਭ ਮਿਲ ਸਕੇ।

# ਸੰਜੀਵ ਅਰੋੜਾ ਨੇ ਸਿਵਲ ਹਸਪਤਾਲ ਵਿਖੇ ਮਰੀਜ਼ਾਂ ਦੀ ਸੇਵਾ ਕਰਕੇ ਆਪਣੀ ਵਿਆਹ ਦੀ ਵਰ੍ਹੇਗੰਢ ਮਨਾਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਅਤੇ ਇੱਕ ਉੱਘੇ ਸਮਾਜ ਸੇਵਕ ਸੰਜੀਵ ਅਰੋੜਾ ਅਤੇ ਉਨ੍ਹਾਂ ਦੀ ਪਤਨੀ ਰੇਨੂੰ ਅਰੋੜਾ ਨੇ ਸਿਵਲ ਹਸਪਤਾਲ ਵਿਖੇ ਮਰੀਜ਼ਾਂ ਨਾਲ ਆਪਣੀ ਵਿਆਹ ਦੀ ਵਰ੍ਹੇਗੰਢ ਮਨਾਈ, ਸੇਵਾ, ਸਹਿਯੋਗ ਅਤੇ ਮਨੁੱਖਤਾ ਦਾ ਸੰਦੇਸ਼ ਫੈਲਾਇਆ। ਉਨ੍ਹਾਂ ਨੇ ਇਸ ਵਿਸ਼ੇਸ਼ ਮੌਕੇ 'ਤੇ ਹਸਪਤਾਲ ਵਿੱਚ ਦਾਖਲ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਫਲ, ਬਿਸਕੁਟ, ਰਸ ਅਤੇ ਹੋਰ ਖਾਣ-ਪੀਣ ਦੀਆਂ ਚੀਜ਼ਾਂ ਵੰਡੀਆਂ। ਹਸਪਤਾਲ ਵਿੱਚ ਮੌਜੂਦ ਸਾਰਿਆਂ ਨੇ ਸੰਜੀਵ ਅਰੋੜਾ ਦੇ ਸ਼ਲਾਘਾਯੋਗ ਕੰਮ ਦੀ ਸ਼ਲਾਘਾ ਕੀਤੀ। ਸਿਵਲ ਹਸਪਤਾਲ ਦੇ ਐਸਐਮਓ ਇੰਚਾਰਜ ਨਵਜੋਤ ਸਿੰਘ ਅਤੇ ਸ਼੍ਰੀ ਕ੍ਰਿਸ਼ਨਾ ਅਰੋੜਾ ਇਸ ਮੌਕੇ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਹਸਪਤਾਲ ਦੇ ਸਟਾਫ਼ ਮੈਂਬਰ, ਅਧਿਕਾਰੀ ਅਤੇ ਭਾਰਤ ਵਿਕਾਸ ਪ੍ਰੀਸ਼ਦ ਦੇ ਮੈਂਬਰ ਵੀ ਮੌਜੂਦ ਸਨ। ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਸੰਜੀਵ ਅਰੋੜਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੀਆਂ ਸੇਵਾ ਗਤੀਵਿਧੀਆਂ ਉਨ੍ਹਾਂ ਨੂੰ ਆਪਣਾਪਣ ਅਤੇ ਸਨੇਹ ਦੀ ਭਾਵਨਾ ਦਿੰਦੀਆਂ ਹਨ। ਇਸ ਮੌਕੇ ਬੋਲਦਿਆਂ ਸੰਜੀਵ ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਜ਼ਿੰਦਗੀ ਵਿੱਚ ਖੁਸ਼ੀਆਂ ਦੇ ਮੌਕੇ ਸਿਰਫ਼ ਨਿੱਜੀ ਜਸ਼ਨਾਂ ਤੱਕ ਸੀਮਤ ਨਹੀਂ ਹੋਣੇ ਚਾਹੀਦੇ; ਸਗੋਂ ਉਨ੍ਹਾਂ ਨੂੰ ਲੋੜਵੰਦਾਂ ਦੀ ਮਦਦ ਕਰਨ ਅਤੇ ਸਮਾਜ ਦੀ ਸੇਵਾ ਕਰਕੇ




ਮਨਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਹਰ ਕੋਈ ਲੋੜਵੰਦਾਂ ਦੀ ਉਨ੍ਹਾਂ ਦੇ ਜਨਮਦਿਨ, ਵਿਆਹ ਦੀ ਵਰ੍ਹੇਗੰਢ ਜਾਂ ਹੋਰ ਸ਼ੁਭ ਮੌਕਿਆਂ 'ਤੇ ਮਦਦ ਕਰਦਾ ਹੈ, ਤਾਂ ਸਮਾਜ ਦੇ ਬਹੁਤ ਸਾਰੇ ਲੋਕਾਂ ਦੇ ਜੀਵਨ ਵਿੱਚ ਖੁਸ਼ੀਆਂ ਲਿਆਂਦੀਆਂ ਜਾ ਸਕਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਵਿਕਾਸ ਪ੍ਰੀਸ਼ਦ ਹਮੇਸ਼ਾ ਸਮਾਜ ਸੇਵਾ, ਕਦਰਾਂ-ਕੀਮਤਾਂ, ਸਹਿਯੋਗ ਅਤੇ ਦੇਸ਼ ਭਗਤੀ ਦੀ ਭਾਵਨਾ ਨਾਲ ਕੰਮ ਕਰਦੀ ਰਹੀ ਹੈ। ਪ੍ਰੀਸ਼ਦ ਦੇ ਸਾਰੇ ਮੈਂਬਰ ਰੁੱਖ ਲਗਾਉਣ, ਲੋੜਵੰਦ ਪਰਿਵਾਰਾਂ ਦੀ ਸਹਾਇਤਾ, ਮਰੀਜ਼ਾਂ ਦੀ ਸੇਵਾ ਅਤੇ ਉਨ੍ਹਾਂ ਦੇ ਖੁਸ਼ੀ ਦੇ ਮੌਕਿਆਂ 'ਤੇ ਸਮਾਜਿਕ ਕਾਰਜਾਂ ਨੂੰ ਤਰਜੀਹ ਦਿੰਦੇ ਹਨ। ਇਸ ਫਲਸਫੇ ਨੂੰ ਧਿਆਨ ਵਿੱਚ ਰੱਖਦੇ ਹੋਏ, ਅੱਜ ਉਨ੍ਹਾਂ ਦੀ ਬਰਸੀ ਮਰੀਜ਼ਾਂ ਵਿੱਚ ਮਨਾਈ ਗਈ। ਸਿਵਲ ਹਸਪਤਾਲ ਦੇ ਐਸਐਮਓ ਇੰਚਾਰਜ ਨਵਜੋਤ ਸਿੰਘ ਨੇ ਭਾਰਤ ਵਿਕਾਸ ਪ੍ਰੀਸ਼ਦ ਅਤੇ ਸੰਜੀਵ ਅਰੋੜਾ ਦੀ ਸੇਵਾ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਸਮਾਜ ਨੂੰ ਉਨ੍ਹਾਂ ਲੋਕਾਂ ਦੀ ਲੋੜ ਹੈ ਜੋ ਆਪਣੀ ਖੁਸ਼ੀ ਦੂਜਿਆਂ ਨਾਲ ਸਾਂਝੀ ਕਰਨ ਦਾ ਸੰਦੇਸ਼ ਫੈਲਾਉਂਦੇ ਹਨ।

# ਵਿਧਾਇਕ ਡਾ.ਇਸ਼ਾਂਕ ਕੁਮਾਰ ਨੇ ਨਵੀਂ ਬਣੀ ਬਲਾਕ ਪ੍ਰਾਇਮਰੀ ਹੈਲਥ ਯੂਨਿਟ ਦਾ ਕੀਤਾ ਉਦਘਾਟਨ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਪਿੰਡ ਵਾਸੀਆਂ ਨੂੰ ਮਿਆਰੀ ਸਿਹਤ ਸੇਵਾਂਵਾਂ ਦੇਣ ਦੇ ਮੱਕਸਦ ਨਾਲ ਅੱਜ ਸੀ.ਐਚ.ਸੀ ਹਾਰਟਾ ਬਡਲਾ ਵਿਖੇ ਤਿਆਰ ਹੋਈ ਬੀ.ਪੀ.ਐਚ.ਯੂ ਦੀ ਨਵੀਂ ਇਮਾਰਤ ਦਾ ਉਦਘਾਟਨ ਵਿਧਾਇਕ ਚੱਬੇਵਾਲ ਡਾ.ਇਸ਼ਾਂਕ ਕੁਮਾਰ ਵਲੋਂ ਕੀਤਾ ਗਿਆ। ਇਸ ਉਦਘਾਟਨੀ ਸਮਾਰੋਹ ਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ.ਮਨਦੀਪ ਕਮਲ, ਕਾਰਜਕਾਰੀ ਡਿਪਟੀ ਮੈਡੀਕਲ ਕਮਿਸ਼ਨਰ-ਕਮ-ਸੀਨੀਅਰ ਮੈਡੀਕਲ ਅਫਸਰ ਡਾ.ਮਨਪ੍ਰੀਤ ਸਿੰਘ ਬੈਂਸ, ਸਮੂਹ ਮੈਡੀਕਲ ਤੇ ਪੈਰਾ ਮੈਡੀਕਲ ਸਟਾਫ, ਹਾਰਟਾ ਅਤੇ ਬਡਲਾ ਪਿੰਡ ਦੇ ਸਰਪੰਚਾਂ ਤੋਂ ਇਲਾਵਾ ਪਿੰਡਾਂ ਦੇ ਪਤਵੰਤੇ ਸਜਣ ਹਾਜ਼ਿਰ ਸਨ। ਉਦਘਾਟਨ ਸਮਾਗਮ ਦੌਰਾਨ ਡਾ.ਇਸ਼ਾਂਕ ਕੁਮਾਰ ਨੇ ਕਿਹਾ ਕਿ ਇਹ ਨਵਾਂ ਬਲਾਕ ਪ੍ਰਾਇਮਰੀ ਹੈਲਥ ਯੂਨਿਟ ਪਿੰਡ ਦੇ ਲੋਕਾਂ ਲਈ ਇੱਕ ਵੱਡੀ ਸਹੂਲਤ ਸਾਬਤ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਇਸ



ਯੂਨਿਟ ਦੇ ਚੱਲਣ ਨਾਲ ਲੋਕਾਂ ਨੂੰ ਬੁਨਿਆਦੀ ਸਿਹਤ ਸੇਵਾਵਾਂ, ਲੈਬ ਟੈਸਟ ਅਤੇ ਆਮ ਬਿਮਾਰੀਆਂ ਦਾ ਇਲਾਜ ਬਲਾਕ ਪੱਧਰ 'ਤੇ ਹੀ ਮਿਲੇਗਾ, ਜਿਸ ਨਾਲ ਉਨ੍ਹਾਂ ਨੂੰ ਦੂਰ-ਦਰਾਜ਼ ਹਸਪਤਾਲਾਂ ਵਿੱਚ ਜਾਣ ਦੀ ਲੋੜ ਨਹੀਂ ਪਵੇਗੀ । ਡਾ.ਇਸ਼ਾਂਕ ਕੁਮਾਰ ਨੇ ਸਿਹਤ ਵਿਭਾਗ ਦੀ ਟੀਮ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਸਰਕਾਰ ਲੋਕਾਂ ਦੀ ਭਲਾਈ ਲਈ ਸਿਹਤ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਸਿਹਤ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਆਪਣੀ ਸਿਹਤ ਪ੍ਰਤੀ ਜਾਗਰੂਕ ਰਹਿਣ। ਉਨਾਂ ਕਿਹਾ ਕਿ ਸਰਕਾਰ ਵਲੋਂ ਕੀਤੇ ਗਏ ਲੋਕਾਂ ਨਾਲ ਹਰ ਵਾਧੇ ਨੂੰ ਪੂਰਾ ਕੀਤਾ ਜਾ ਰਿਹਾ ਹੈ। ਸਰਕਾਰ ਦਾ ਮੁੱਖ ਉਦੇਸ਼ ਸਿਹਤ ਸਹੂਲਤਾਂ ਨੂੰ ਘਰ-ਘਰ ਤੱਕ ਪਹੁੰਚਾਉਣਾ ਅਤੇ ਪੰਜਾਬ ਨੂੰ ਸਿਹਤਮੰਦ ਤੇ ਤੰਦਰੁਸਤ ਰਾਜ ਬਣਾਉਣਾ ਹੈ ਜਿਸ ਲਈ ਪੰਜਾਬ ਸਰਕਾਰ ਵਲੋਂ ਨਿੱਤ ਨਵੇਂ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਸਿਵਲ ਸਰਜਨ ਡਾ.ਮਨਦੀਪ ਕਮਲ ਨੇ ਇਸ ਨਵੇਂ ਬਣੇ ਬਲਾਕ ਪ੍ਰਾਈਮਰੀ ਹੈਲਥ ਯੂਨਿਟ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਨਵੇਂ ਯੂਨਿਟ ਵਿੱਚ ਤਜਰ-ਬੇਕਾਰ ਅਤੇ ਪ੍ਰਸ਼ਿਖਤ ਸਟਾਫ ਦੀ ਤਾਇਨਾਤੀ ਕੀਤੀ ਗਈ ਹੈ ਅਤੇ ਸਾਰੇ ਜ਼ਰੂਰੀ ਸਾਜੋ-ਸਾਮਾਨ ਦੀ ਵੀ ਉਪਲਬਧਤਾ ਯਕੀਨੀ ਬਣਾਈ ਗਈ ਹੈ।

# ਦ ਨੋਰਵੁੱਡ ਸਕੂਲ ਚਾਹਲ ਵਿਖੇ ਨਵੇਂ ਬਣੇ ਸਵਿਮਿੰਗ ਪੂਲ ਦਾ ਉਦਘਾਟਨ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਔਲਖ ਨੇ ਕੀਤਾ

**ਨਵਾਂਸ਼ਹਿਰ /ਕਾਠਗੜ੍ਹ 28 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਅੱਜ ਦ ਨੋਰਵੁੱਡ ਸਕੂਲ, ਚਾਹਲ ਵਿਖੇ ਅੱਜ ਨਵੇਂ ਬਣੇ ਸਵਿਮਿੰਗ ਪੂਲ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਗੁਲਪ੍ਰੀਤ ਸਿੰਘ ਔਲਖ, ਆਈ.ਏ.ਐੱਸ (ਡੀ.ਸੀ. ਸ.ਭ.ਸ ਨਗਰ) ਨੇ ਰੀਬਨ ਕੱਟ ਕੇ ਇਸਦਾ ਉਦਘਾਟਨ ਕੀਤਾ। ਉਨਾਂ ਦੇ ਨਾਲ ਜਿਲ੍ਹਾਂ ਪਲਾਨਿੰਗ ਬੋਰਡ ਦੇ ਚੇਅਰਮੈਨ ਸਤਨਾਮ ਚੇਚੀ ਜਲਾਲਪੁਰ , ਡੀ.ਐੱਸ.ਪੀ ਬਲਾਚੌਰ ਹੇਮੰਤ ਮਲਹੋਤਰਾ ਅਤੇ ਐੱਸ.ਐੱਚ.ਓ ਅਭਿਸ਼ੇਕ ਸ਼ਰਮਾ ਕਾਠਗੜ੍ਹ ਵੀ ਹਾਜ਼ਰ ਸਨ। ਡੀ ਸੀ ਸਾਹਿਬ ਨੇ ਕਿਹਾ ਕਿ ਦ ਨੋਰਵੁੱਡ ਸਕੂਲ ਸਕੂਲ ਨੈ ਬਹੁਤ ਹੀ ਘੱਟ ਸਮੇਂ ਵਿੱਚ ਬਹੁਤ ਵਿਕਾਸ ਅਤੇ ਤਰੱਕੀ ਕੀਤੀ ਹੈ ਤੇ ਸਕੂਲ ਦਾ ਇੰਨਫਰਾਸਟਰਕਚਰ ਵੀ ਬਹੁਤ ਹੀ ਉੱਚ ਪੱਧਰ ਦਾ ਹੈ। ਉਨਾਂ ਨੇ ਕਿਹਾ ਕਿ ਵਿਦਿਆਰਥੀਆਂ ਨੇ ਖੇਡ ਨੂੰ ਜਿਲ੍ਹਾਂ ਪੱਧਰ ਤੋਂ ਲੈ ਕੇ ਨੈਸ਼ਨਲ





ਪੱਧਰ ਤੱਕ ਖੇਡ ਸਕਦੇ ਹਨ ਤੇ ਬਹੁਤ ਚੰਗਾ ਮੁਕਾਮ ਹਾਸਲ ਕਰ ਸਕਦੇ ਹਨ। ਉਹਨਾ ਨੇ ਸਕੂਲ ਪ੍ਰਬੰਧਕਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਸਕੂਲ ਦੀ ਸਫਲਤਾ ਲਈ ਸ਼ੁਭਕਾਮਨਾਵਾਂ ਕਾਮਨਾਵਾਂ ਦਿੱਤੀਆਂ। ਸਕੂਲ ਮੈਨੇਜਮੈਂਟ ਨੇ ਦੱਸਿਆ ਕਿ ਸਕੂਲ ਵਿੱਚ ਵਿਦਿਆਰਥੀਆਂ ਨੂੰ ਸਵੀਮਿੰਗ ਦੀ ਟਰੇਨਿੰਗ ਲਈ ਸਪੈਸ਼ਲ ਕੋਚਿਸ ਦੀ ਵਿਵਸਥਾ ਵੀ ਕੀਤੀ ਗਈ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਮੋਹਿਤ ਕੁਮਾਰ, ਡਾਇਰੈਕਟਰ ਸ੍ਰੀਮਤੀ ਪੂਜਾ ਚੌਧਰੀ, ਸਕੂਲ ਦੇ ਪ੍ਰਿੰਸੀਪਲ ਸ੍ਰੀ ਰਵਿੰਦਰ ਸਿੰਘ ਭਨੋਟ ਅਤੇ ਸਕੂਲ ਸਟਾਫ ਮੈਂਬਰਾਂ ਨੇ ਮੁੱਖ ਮਹਿਮਾਨ ਜੀ ਦਾ ਧੰਨਵਾਦ ਕੀਤਾ ਕਿ ਉਨਾਂ ਨੇ ਆਪਣੇ ਕੀਮਤੀ ਸਮੇਂ ਵਿੱਚੋ ਸਮਾਂ ਕੱਢ ਕੇ ਇੱਥੇ ਹਾਜ਼ਰੀ ਲਗਵਾਈ।

# ਜ਼ਿਲ੍ਹਾ ਪ੍ਰੀਸ਼ਦ ਦੀ ਕੱਚੀ ਸੜਕ ਆਸਰੋਂ ਪਿੰਡ ਤੱਕ ਪੱਕੀ ਕੀਤੀ ਜਾਵੇ: ਕਿਸਾਨ ਆਗੂ

**ਬਲਾਚੌਰ 28 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਜਿਲ੍ਹਾਂ ਪਰਿਸ਼ਦ ਦੀ ਕੱਚੀ ਸੜਕ ਪਿੰਡ ਸੁੱਧਾਮਾਜਰਾ ਤੋਂ ਚਾਹਲਾਂ ਦੇ ਸ਼ਿਵ ਮੰਦਰ ਤੱਕ ਪੱਕੀ ਕਰਨ ਦਾ ਉਦਮ ਸ਼ਲਾਘਾਯੋਗ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਅਤੇ ਹਰਪਾਲ ਸਿੰਘ ਕਟਾਰੀਆ ਮੱਕੋਂਵਾਲ ਆਗੂ ਬੀਕੇਯੂ ਲੱਖੋਵਾਲ ਅਤੇ ਸੁੱਚਾ ਸਿੰਘ ਮਾਣੇਵਾਲ ਨੇ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ ।ਇਹਨਾਂ ਆਗੂਆਂ ਨੇ ਸਤਨਾਮ ਜਲਾਲਪੁਰ ਚੇਅਰਮੈਨ ਜਿਲਾ ਯੋਜਨਾ ਬੋਰਡ ਨਵਾਂਸ਼ਹਿਰ ਦਾ ਵਿਸ਼ੇਸ਼ ਧੰਨਵਾਦ ਕੀਤਾ ਕਿ ਉਹਨਾਂ ਦੀ ਲਗਾਤਾਰ ਕੋਸ਼ਿਸ਼ ਨਾਲ ਇਹ ਅੜਿਆ ਹੋਇਆ ਕੰਮ ਸਿਰੇ ਚੜ੍ਹਿਆ ਹੈ। ਆਗੂਆਂ ਨੇ ਕਿਹਾ ਕਿ ਇਹ ਚਾਰ ਕਿਲੋਮੀਟਰ ਦੀ ਪੱਕੀ ਸੜਕ ਬਣਨ ਨਾਲ ਇਲਾਕੇ ਦੇ ਦਰਜਨਾਂ ਪਿੰਡਾਂ ਨੂੰ ਵੱਡੀ ਰਾਹਤ ਮਿਲੇਗੀ। ਆਗੂਆਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਜਿਲ੍ਹਾਂ ਪਰਿਸ਼ਦ ਦੀ ਇਸ ਸੜਕ ਨੂੰ ਪਿੰਡ ਆਸਰੋਂ ਤੱਕ ਪੱਕਾ ਕੀਤਾ ਜਾਵੇ। ਕਿਉਂਕਿ



ਸਰਕਾਰ ਨੂੰ ਪੱਕੀ ਸੜਕ ਬਣਾਉਣ ਲਈ ਕੋਈ ਨਵੀਂ ਜਮੀਨ ਨਹੀਂ ਖਰੀਦਣੀ ਪੈਣੀ। ਸਿਰਫ ਸੜਕ ਨੂੰ ਪੱਕਾ ਕਰਨ ਦਾ ਹੀ ਖਰਚਾ ਆਉਣਾ ਹੈ ਇਸ ਲਈ ਜੋ ਜਿਲ੍ਹਾਂ ਪਰਿਸ਼ਦ ਦੀ ਪੁਰਾਣੀ ਕੱਚੀ ਸੜਕ ਪਿੰਡ ਆਸਰੋਂ ਤੱਕ ਜਾਂਦੀ ਹੈ ਉਸ ਨੂੰ ਪੱਕਾ ਕੀਤਾ ਜਾਵੇ। ਆਗੂਆਂ ਨੇ ਸਤਨਾਮ ਚੇਅਰਮੈਨ ਨੂੰ ਵੀ ਅਪੀਲ ਕੀਤੀ ਹੈ ਕਿ ਇਸ ਸੜਕ ਨੂੰ ਪਿੰਡ ਆਸਰੋਂ ਤੱਕ ਪੱਕਾ ਕੀਤਾ ਜਾਵੇ ਜਿਸ ਨਾਲ 50 ਤੋਂ ਵੱਧ ਪਿੰਡਾਂ ਨੂੰ ਕਾਫੀ ਫ਼ਾਇਦਾ ਹੋਵੇਗਾ । ਆਗੂਆਂ ਨੇ ਕਿਹਾ ਕਿ ਨੈਸ਼ਨਲ ਹਾਈਵੇ ਤੇ ਬਹੁਤ ਜ਼ਿਆਦਾ ਆਵਾਜਾਈ ਰਹਿੰਦੀ ਹੈ ਅਤੇ ਨੈਸ਼ਨਲ ਹਾਈਵੇ ਸੜਕ ਤੇ ਰੱਖੇ ਕੱਟ ਵੀ ਬਹੁਤ ਵਾਰ ਵੱਡੇ ਐਕਸੀਡੈਂਟਾਂ ਦੇ ਕਾਰਨ ਬਣਦੇ ਹਨ। ਆਗੂਆਂ ਨੇ ਮੰਗ ਕੀਤੀ ਕਿ ਜਿਲ੍ਹਾਂ ਪਰਿਸ਼ਦ ਦੀ ਸੜਕ ਨੂੰ ਪਿੰਡ ਆਸਰੋਂ ਤੱਕ ਪੱਕੀ ਸੜਕ ਬਣਾਉਣ ਦੀ ਮੰਗ ਪਿਛਲੇ 60 ਸਾਲਾਂ ਤੋਂ ਇਲਾਕੇ ਦੇ ਲੋਕ ਕਰਦੇ ਆ ਰਹੇ ਹਨ ਜਿਸ ਨੂੰ ਤੁਰੰਤ ਪੂਰਾ ਕੀਤਾ ਜਾਵੇ ਅਤੇ ਇਲਾਕੇ ਦੇ ਲੋਕਾਂ ਨੂੰ ਰਾਹਤ ਮਿਲ ਸਕੇ ।

for more news visit:
www.samajweekly.com

# ਦੁਖਦਾਈ ਪੱਖ

ਅਸੀਂ ਕੰਮ ਤੋਂ ਬਿਨਾਂ ਹੀ ਰਹੀਏ ,
ਮਾਰਦੇ ਚੰਡੀਗੜ੍ਹ ਦੀ ਗੇੜੀ ।
ਨਾ ਕੋਈ ਬੁਰਾਈ ਦੁਨੀਆਂ ਦੀ ,
ਸਾਨੂੰ ਚਿੰਬੜੀ ਨਈਓਂ ਜਿਹੜੀ ।
ਹੁਣ ਪੜ੍ਹਨਾ ਲਿਖਣਾ ਅਤੇ ਸੋਚਣਾ,
ਲਗਦਾ ਏ ਸਾਨੂੰ ਭੁੱਲ ਗਿਆ ;
ਕਦੇ ਕੁੜੀ ਮਾਰ ਅਖਵਾਉਂਦੇ ਸੀ ,
ਅਸੀਂ ਅੱਜ ਕੱਲ੍ਹ ਬਣੇਂ ਨਸ਼ੇੜੀ ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।
ਸੰਪਰਕ-9914836037

## "ਸਾਹਾਂ ਦੀ ਸੂਲੀ"

ਅੱਖਾਂ 'ਚ ਅੱਥਰੂ ਸਜਾ ਕੇ, ਸਾਹਾਂ ਦੀ ਸੂਲੀ ਚੜ੍ਹ ਗਏ,
ਅਸੀਂ ਆਪਣਾ ਆਪ ਗੁਆ ਕੇ, ਸਾਹਾਂ ਦੀ ਸੂਲੀ ਚੜ੍ਹ ਗਏ।
ਕਿਹੋ ਜਿਹੀ ਰੀਤ ਜੱਗ ਦੀ, ਜੋ ਸਾਨੂੰ ਸਮਝ ਨਾ ਆਈ,
ਹਰ ਰੀਝ ਨੂੰ ਅੱਗ ਲਾ ਕੇ, ਸਾਹਾਂ ਦੀ ਸੂਲੀ ਚੜ੍ਹ ਗਏ।
ਖ਼ਾਮੋਸ਼ੀਆਂ ਦੇ ਸ਼ਹਿਰ ਵਿੱਚ, ਕੋਈ ਸੁਣਦਾ ਨਹੀਂ ਦੁਹਾਈ,
ਬੁੱਲ੍ਹਾਂ 'ਤੇ ਜ਼ਿੰਦਰੇ ਲਾ ਕੇ, ਸਾਹਾਂ ਦੀ ਸੂਲੀ ਚੜ੍ਹ ਗਏ।
ਬੰਦੇ ਦੀ ਹਸਤੀ ਵਸਤੂ ਹੈ, ਜਾਂ ਕੋਈ ਕਾਗਜ਼ੀ ਪੰਨਾ?
ਖ਼ੁਦ ਨੂੰ ਹੀ ਖ਼ਤ ਬਣਾ ਕੇ, ਸਾਹਾਂ ਦੀ ਸੂਲੀ ਚੜ੍ਹ ਗਏ।
ਸੂਰਜ ਤੋਂ ਮੰਗੀ ਰੌਸ਼ਨੀ, ਪਰ ਧੁੱਪਾਂ ਡੰਗਿਆ ਸਾਨੂੰ,
ਛਾਵਾਂ ਤੋਂ ਮੁੱਖ ਪਰਤਾ ਕੇ, ਸਾਹਾਂ ਦੀ ਸੂਲੀ ਚੜ੍ਹ ਗਏ।
ਮੰਜ਼ਿਲ ਤਾਂ ਮਿਲਣੀ ਦੂਰ ਸੀ, ਪਰ ਪੈਂਡੇ ਮੁੱਕੇ ਨਾ,
ਪੈਰਾਂ 'ਚ ਕੰਡੇ ਚੁਭਾ ਕੇ, ਸਾਹਾਂ ਦੀ ਸੂਲੀ ਚੜ੍ਹ ਗਏ।
ਕਿਸ ਮੋੜ 'ਤੇ ਲੈ ਆਈ ਹੈ, 'ਖਿੱਚੀ' ਕਿਸਮਤ ਸਾਨੂੰ,
ਅਸੀਂ ਆਪਣੀ ਹੋਂਦ ਮਿਟਾ ਕੇ, ਸਾਹਾਂ ਦੀ ਸੂਲੀ ਚੜ੍ਹ ਗਏ।



ਪ੍ਰੋ. ਪਵਨ ਖਿੱਚੀ, ਮਾਨਸਾ
ਮੋਬਾ. 9478160786

# ਗੀਤ

ਪਹਿਲਾ ਪਿਆਰ
ਆਜਾ ਕਰ ਲਈਏ ਅੱਖੀਆਂ ਚਾਰ
ਸੋਹਣਿਆ ਤੂੰ ਮੇਰਾ ਦਿਲਦਾਰ
ਕਦੇ ਨਾ ਛੱਡੀਂ ਮੇਰਾ ਹੱਥ
ਕੇ ਮੇਰਾ ਪਹਿਲਾ ਪਿਆਰ
ਜਦੋਂ ਤੋਂ ਮੈਂ ਤੈਨੂੰ ਵੇਖਿਆ
ਦਿਲ ਵਿੱਚ ਵੱਸ ਗਈ ਸੂਰਤ
ਕਈ ਵਰ੍ਹਿਆਂ ਦਾ ਰਿਸ਼ਤਾ ਆਪਣਾ
ਸਾਰੀ ਕਹਿੰਦੀ ਕੁਦਰਤ
ਡੋਰ ਪ੍ਰੀਤ ਦੀ ਬਣਾ ਲਈ ਹੈ
ਹੁਣ ਨਾ ਕਰ ਤੂੰ ਇਨਕਾਰ
ਕੇ ਮੇਰਾ ਪਹਿਲਾ ਪਿਆਰ
ਪਿਆਰ ਦੀ ਦੁਨੀਆਂ ਕਿੰਨੀ ਸੋਹਣੀ
ਹਰ ਥਾਂ ਫੈਲੀ ਖੁਸ਼ਹਾਲੀ
ਫੁੱਲ ਮਹਿਕਾਏ ਹਰ ਥਾਂ ਉੱਤੇ
ਭੌਰ ਕਰਨ ਰਖਵਾਲੀ
ਸੂਰਜ ਦੀ ਸਹੁੰ ਚੁੱਕ ਕੇ ਕਹਿੰਦੀ
ਤੂੰ ਹੀ ਮੇਰਾ ਦਿਲਦਾਰ
ਕੇ ਮੇਰਾ ਪਹਿਲਾ ਪਿਆਰ
ਯਾਦ ਕਰੇ ਸਾਨੂੰ ਸਾਰੀ ਦੁਨੀਆਂ
ਗੱਲ ਕੋਈ ਐਸੀ ਕਰ ਦੇ
ਮੇਰੇ ਸੁੰਨੇ ਜਿਹੇ ਵਿਹੜੇ ਵਿੱਚ
ਫੁੱਲਾਂ ਨਾਲ ਤੂੰ ਭਰ ਦੇ
ਚੰਦ ਤੇ ਤਾਰੇ ਵੇਖ ਰਹੇ ਨੇ
ਤੇਰਾ ਮੇਰਾ ਪਿਆਰ
ਕੇ ਮੇਰਾ ਪਹਿਲਾ ਪਿਆਰ
ਲਾ ਲਈ ਯਾਰੀ ਜੇ ਸੱਜਣਾ ਤੂੰ
ਸਾਰੀ ਉਮਰ ਨਿਭਾਈਂ
ਪਿਆਰ ਦੀ ਖ਼ੁਸ਼ਬੂ ਨੂੰ ਹਿੱਕ ਅੰਦਰ
ਰੱਖੀਂ ਸਦਾ ਵਸਾਈ
ਕਮਲ ਕਹੇ ਜ਼ਿੰਦਗੀ ਮੇਰੀ ਖਿੜ ਜਾਵੇ
ਪਾਵੇਂ ਬਾਹਵਾਂ ਦਾ ਹਾਰ
ਕੇ ਮੇਰਾ ਪਹਿਲਾ ਪਿਆਰ



ਕਮਲ ਭਾਸਕਰ

# .ਗ਼ਜ਼ਲ

ਛੱਡ ਨਹੀਂ ਸਕਦਾ ਪੜ੍ਹ ਪੜ੍ਹ ਕੇ ਵੀ ਮੱਕੜ ਜਾਲ ਜਿਹੇ ਨੇ
ਤੂੰ , ਖਤ ਤੇਰੇ ਅਲਜਬਰੇ ਦੇ, ਅਨਸਮਝ ਸਵਾਲ ਜਿਹੇ ਨੇ

ਦਰਦ ਕਰੇ ਤਕਸੀਮ ਕਿਵੇਂ ਦਿਲ ਦੇ,, ਤੂੰ ਸਮਝਾ ਤਾਂ ਜਾਵੀਂ
ਤੇਰੇ ਹਿੱਸੇ ਦੇ ਗਮ ਕਿਉਂ ਲੈ ਬੈਠਾਂ, ਝੱਲ ਕਵਾਲ਼ ਜਿਹੇ ਨੇ

ਹਾਂ ਮੈਂ ਬਦਨਾਮ, ਤੇਰੇ ਕਰਕੇ, ਤਾਂ ਸਹਿੰਨਾ ਪੀੜ ਵਫ਼ਾ ਦੀ
ਕੌਣ ਵਫ਼ਾਦਾਰ ਨਹੀਂ ਸੀ, ਤੂੰ ਜਾਂ ਮੈਂ, ਕੁੱਝ ਬਵਾਲ਼ ਜਿਹੇ ਨੇ

ਕਰਿਆ ਬਰਬਾਦ ਤੁਸਾਂ, ਖੁਸ਼ ਹਾਂ ਮੈਂ, ਇਸ਼ਕ ਸਬੂਤ ਇਹ ਦਿਲ ਦਾ
ਹਾਲ਼ ਵਫ਼ਾ ਦੇ ਆਖ਼ਿਰ ਕਬਰੀਂ, ਕੀਲੇ ਕੰਕਾਲ਼ ਜਿਹੇ ਨੇ

ਕੀ ਝੁਰਨਾ ਆਪਣੀ ਕਿਸਮਤ 'ਤੇ, ਗਮ ਕੀ 'ਤੇ ਸ਼ਿਕਵਾ ਵੀ ਕੀ
ਸ਼ਿਅਰ ਬਣੀ ਜਾਦੇਂ, ਨਾ ਚਾਹੁੰਦੇ , ਕਿਉਂ ਇਸ਼ਕ ਖਿਆਲ਼ ਜਿਹੇ ਨੇ

ਪੱਥਰ ਕਰਿਐ ਮਨ ਸਮਝਾ ਕੇ, ਪਰ ਮੁਸ਼ਕਿਲ ਪੱਥਰ ਹੋਣਾ
ਨੈਣਾਂ ਚੋਂ ਵਗਦੇ ਰਹਿੰਦੇ , ਆਪ ਮੁਹਾਰੇ ਖਾਲ਼ ਜਿਹੇ ਨੇ

ਕਾਗ਼ਜ਼ ਕੋਰੇ ਤੇ ਜੋ ਮਰਜ਼ੀ ਲਿਖ, ਪਰ ਦਿਲ ਤੇ ਝੂਠ ਨਹੀਂ
"ਬਾਲੀ" ਖਤ ਇਕਰਾਰ ਰਸੀਦਾਂ, ਅਣਮੁੱਲੇ ਮਾਲ ਜਿਹੇ ਨੇ



ਬਲਜਿੰਦਰ ਸਿੰਘ " ਬਾਲੀ ਰੇਤਗੜ੍ਹ "
9465129168

# ਜਨਮਦਿਨ ਮੁਬਾਰਕ



ਫ਼ਿਲਮੀ ਕਲਾਕਾਰ ਪੀਟੀ ਸੱਲੂ ਵਾਸੀ ਮੋਰਿੰਡਾ (ਰੂਪਨਗਰ) ਨੂੰ ਜਨਮ ਦਿਨ ਦੀਆਂ ਬਹੁਤ ਬਹੁਤ ਵਧਾਈਆਂ ਹੋਣ।

# 30 ਅਪ੍ਰੈਲ ਤੋਂ ਸ਼ੁਰੂ ਹੋਵੇਗੀ ਸਵੈ-ਗਣਨਾ ਪ੍ਰਕਿਰਿਆ, ਜ਼ਿਲ੍ਹਾ ਵਾਸੀ ਵੱਧ ਤੋਂ ਵੱਧ ਹਿੱਸੇਦਾਰੀ ਯਕੀਨੀ ਬਣਾਉਣ - ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਜਨਗਣਨਾ-2027 ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ ਅਤੇ ਇਸ ਤਹਿਤ ਜ਼ਿਲ੍ਹੇ ਵਿਚ ਸਵੈ-ਗਣਨਾ ਦੀ ਪ੍ਰਕਿਰਿਆ 30 ਅਪ੍ਰੈਲ ਤੋਂ 14 ਮਈ ਤੱਕ ਕਰਵਾਈ ਜਾਵੇਗੀ ਇਸ ਤੋਂ ਬਾਅਦ 15 ਮਈ ਤੋਂ 13 ਜੂਨ 2026 ਤੱਕ ਨਿਯੁਕਤ ਗਿਣਤੀਕਾਰ ਘਰ-ਘਰ ਜਾ ਕੇ ਮਰਦਮਸ਼ੁਮਾਰੀ ਦੀ ਪ੍ਰਕਿਰਿਆ ਸਬੰਧੀ ਵੇਰਵੇ ਲੈਣਗੇ।



ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਸਵੈ-ਗਣਨਾ ਦਾ ਅਰਥ ਹੈ ਕਿ ਜ਼ਿਲ੍ਹਾ ਵਾਸੀ ਖੁਦ ਆਨਲਾਈਨ ਪੋਰਟਲ https://se.census.govi.n ’ਤੇ ਜਾ ਕੇ ਆਪਣੇ ਪਰਿਵਾਰ ਨਾਲ ਸਬੰਧਤ ਜਾਣਕਾਰੀ ਭਰਕੇ ਆਪਣੀ ਰਜਿਸਟਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਹ ਪ੍ਰਕਿਰਿਆ ਬਹੁਤ ਹੀ ਸੁਖਾਲੀ ਅਤੇ ਸੌਖੇ ਹੀ ਸਮਝ ਆ ਜਾਣ ਵਾਲੀ ਹੈ ਜਿਸ ਨੂੰ ਲੋਕਾਂ ਵਲੋਂ ਆਸਾਨੀ ਨਾਲ ਆਨਲਾਈਨ ਮੁਕੰਮਲ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸਵੈ-ਗਣਨਾ ਉਪਰੰਤ ਫਰਵਰੀ 2027 ਵਿਚ ਇਕ ਵਿਸਥਾਰ ਸਰਵੇਖਣ ਵੀ ਕੀਤਾ ਜਾਵੇਗਾ, ਜਿਨ੍ਹਾਂ ਪਰਿਵਾਰਾਂ ਨੇ ਪਹਿਲਾਂ ਹੀ ਆਨਲਾਈਨ ਸਵੈ-ਗਣਨਾ ਕਰ ਲਈ ਹੋਵੇਗੀ, ਉਹ ਗਿਣਤੀਕਾਰ ਨੂੰ ਸਿਰਫ਼ ਆਪਣੀ ਸਵੈ-ਗਣਨਾ ਵਾਲੀ ਆਈ.ਡੀ. ਦਿਖਾ ਕੇ ਪ੍ਰਕਿਰਿਆ ਨੂੰ ਆਸਾਨ ਬਣਾ ਸਕਦੇ ਹਨ। ਜਿਥੇ ਜਿਨ੍ਹਾਂ ਪਰਿਵਾਰਾਂ ਨੇ ਸਵੈ-ਗਣਨਾ ਨਹੀਂ ਕੀਤੀ ਹੋਵੇਗੀ, ਉਨ੍ਹਾਂ ਨੇ ਨਿਯੁਕਤ ਗਿਣਤੀਕਾਰ ਘਰ ਜਾ ਕੇ ਪੂਰੀ ਜਾਣਕਾਰੀ ਦਰਜ ਕਰੇਗਾ। ਮਰਦਮਸ਼ੁਮਾਰੀ ਦੀ ਪ੍ਰਕਿਰਿਆ ਬਾਰੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਸ ਸਬੰਧੀ ਲੋੜੀਂਦੇ ਇੰਤਜ਼ਾਮ ਅਤੇ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ ਤਾਂ ਜੋ ਸਮੁੱਚੀ ਪ੍ਰਕਿਰਿਆ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

# ਪੁਲਿਸ ਨੇ ਨਸ਼ਿਆਂ ਦੇ ਵੱਡੇ ਸਮੱਗਲਰ ਨੂੰ 4 ਕਿਲੋ 490 ਗ੍ਰਾਮ ਹੈਰੋਇਨ ਸਮੇਤ ਕੀਤਾ ਕਾਬੂ

**ਨਵਾਂਸ਼ਹਿਰ, 28ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )–ਜ਼ਿਲ੍ਹਾ** ਸ਼ਹੀਦ ਭਗਤ ਸਿੰਘ ਨਗਰ ਪੁਲਿਸ ਨੇ ਨਸ਼ਿਆਂ ਖਿਲਾਫ਼ ਕਾਰਵਾਈ ਕਰਦਿਆਂ 4 ਕਿੱਲੋ 490 ਗ੍ਰਾਮ ਹੈਰੋਇਨ ਬਰਾਮਦ ਕੀਤੀ।ਨਵਾਂਸ਼ਹਿਰ ਵਿਖੇ ਜ਼ਿਲ੍ਹਾ ਪੁਲਿਸ ਮੁਖੀ ਤੁਸ਼ਾਰ ਗੁਪਤਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਵਲੋਂ ਨਸ਼ਾ ਸਮਗਲਰਾਂ ਅਤੇ ਮਾੜੇ ਅਨਸਰਾਂ ਖਿਲਾਫ ਚਲਾਈ ਗਈ ਵਿਸ਼ੇਸ਼ ਮੁਹਿੰਮ ਨੂੰ ਜਾਰੀ ਰੱਖਦੇ ਹੋਏ ਸੀ.ਆਈ.ਏ ਸਟਾਫ਼ ਨਵਾਂਸ਼ਹਿਰ ਦੀ ਪੁਲਿਸ ਪਾਰਟੀ ਵੱਲੋਂ ਰਕੇਸ਼ ਕੁਮਾਰ ਉਰਫ ਰਾਹੁਲ ਪੁੱਤਰ ਰਾਮ ਕ੍ਰਿਸ਼ਨ ਵਾਸੀ ਟਕਾਰਲਾ ਥਾਣਾ ਬਲਾਚੌਰ ਨੂੰ ਕਾਬੂ ਕਰਕੇ ਇਸ ਦੇ ਕਬਜ਼ੇ ਵਾਲੀ ਗੱਡੀ ਮਾਰਕਾ ਇਨੋਵਾ ਕ੍ਰਿਸਟਾ ਨੰਬਰੀ ਪੀ.ਬੀ 01 ਬੀ 4334 ਵਿੱਚੋਂ 4 ਕਿਲੋ 490 ਗ੍ਰਾਮ ਹੈਰੋਇਨ ਬਰਾਮਦ ਕਰਨ ਵਿੱਚ ਵੱਡੀ ਸਫਲਤਾ ਪ੍ਰਾਪਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਏ.ਐੱਸ.ਆਈ. ਨਿਰਮਲ ਸਿੰਘ ਸੀ.ਆਈ.ਏ. ਸਟਾਫ਼ ਨਵਾਂਸ਼ਹਿਰ ਨੂੰ ਸਮੇਤ ਪੁਲਿਸ ਪਾਰਟੀ ਦੇ ਕੰਗਣਾ ਪੁਲ 'ਤੇ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਰਾਕੇਸ਼ ਕੁਮਾਰ ਉਰਫ ਰਾਹੁਲ ਉਕਤ ਹੈਰੋਇਨ ਦੀ ਵੱਡੀ ਖੇਪ ਸਮੇਤ ਪਿੰਡ ਜਾਡਲਾ ਵੱਲੋਂ ਨਹਿਰ ਦੇ ਨਾਲ-ਨਾਲ ਕਸਬਾ ਬਲਾਚੌਰ ਵੱਲ ਨੂੰ ਆ ਰਿਹਾ ਹੈ, ਪੁਲਿਸ ਪਾਰਟੀ ਨੇ ਉਸ ਨੂੰ ਗੜ੍ਹੀ ਕਾਨੂੰਗੋ ਲਾਗਿਓਂ ਕਾਬੂ ਕਰ ਲਿਆ। ਪੁਲਿਸ ਨੇ ਉਸ ਪਾਸੋਂ ਵੱਡੀ ਖੇਪ 4 ਕਿਲੋ 490 ਗ੍ਰਾਮ ਹੈਰੋਇਨ, 6 ਮੋਮੀ ਲਿਫਾਫੇ 'ਚੋਂ ਬਰਾਮਦ ਕੀਤੀ ਅਤੇ ਉਸ ਦੀ ਗੱਡੀ ਇਨੋਵਾ ਕ੍ਰਿਸਟਾ ਕਬਜੇ 'ਚ ਲੈ ਲਈ।ਮੁੱਢਲੀ ਪੁੱਛਗਿੱਛ ਦੌਰਾਨ ਕਥਿਤ ਦੋਸ਼ੀ ਰਾਕੇਸ਼ ਕੁਮਾਰ ਨੇ ਦੱਸਿਆ ਕਿ ਉਸ ਦੀ ਕਮਲਜੀਤ ਸਿੰਘ ਉਰਫ ਕਮਲ ਵਾਸੀ ਘਾਗੋਂ ਰੋੜਾਂ ਵਾਲੀ ਜਿਹੜਾ ਉਹਦਾ ਵਾਕਿਫ਼ਕਾਰ ਸੀ ਨੇ ਉਸ ਦਾ ਸੰਪਰਕ ਰਜੇਸ਼ ਕੁਮਾਰ ਉਰਫ ਸੋਨੂੰ ਖੱਤਰੀ ਨਾਲ ਜਾਣ ਪਹਿਚਾਣ ਕਰਵਾਈ ਸੀ । ਉਹ ਰਜੇਸ਼ ਕੁਮਾਰ ਉਰਫ ਸੋਨੂੰ ਖੱਤਰੀ ਦੇ ਕਹਿਣ 'ਤੇ ਹੀ ਫਾਜ਼ਿਲਕਾ ਅਤੇ ਅੰਮ੍ਰਿਤਸਰ ਤੋਂ ਹੈਰੋਇਨ ਦੀ ਖੇਪ ਲਿਆ ਕੇ ਉਸ ਦੇ ਹੀ ਕਹਿਣ 'ਤੇ ਬਲਾਚੌਰ ਖ਼ੇਤਰ ਵਿੱਚ ਉਸਦੇ ਬੰਦਿਆਂ ਨੂੰ ਹੈਰੋਇਨ ਸਪਲਾਈ ਕਰਦਾ ਸੀ। ਨਵਾਂਸ਼ਹਿਰ ਪੁਲਿਸ ਨੇ ਰਜੇਸ਼ ਕੁਮਾਰ ਉਰਫ ਸੋਨੂੰ ਖੱਤਰੀ ਪੁੱਤਰ ਰੋਸ਼ਨ ਲਾਲ ਵਾਸੀ ਰੱਕੜਾਂ ਢਾਹਾਂ ਥਾਣਾ ਬਲਾਚੌਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਕਮਲਜੀਤ ਸਿੰਘ ਉਰਫ ਕਮਲ ਪੁੱਤਰ ਮਹਿੰਦਰ ਪਾਲ ਵਾਸੀ ਘਾਗੋਂ ਰੋੜਾਂਵਾਲੀ ਥਾਣਾ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਗ੍ਰਿਫ਼ਤਾਰ ਵਿਅਕਤੀ ਰਕੇਸ਼ ਕੁਮਾਰ ਉਰਫ ਰਾਹੁਲ ਪੁੱਤਰ ਰਾਮ ਕ੍ਰਿਸ਼ਨ ਵਾਸੀ ਟਕਾਰਲਾ ਥਾਣਾ ਬਲਾਚੌਰ ਖਿਲਾਫ ਮਾਮਲਾ ਦਰਜ ਕੀਤਾ।



# ਤਰਕਸ਼ੀ.ਲ ਸੁਸਾਇਟੀ ਦੀ ਸੂਬਾਈ ਸਾਲਾਨਾ ਇੱਕਤਰਤਾ

## ਪੰਜਾਬ ’ਚ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਪਾਸ ਕਰਵਾਉਣ ਲਈ ਜਨਤਕ ਮੁਹਿੰਮ ਚਲਾਉਣ ਦਾ ਫੈਸਲਾ

## ਮਰਦਮਸ਼ੁਮਾਰੀ ਦੇ ਫਾਰਮ ਵਿੱਚ .ਗੈਰ ਧਾਰਮਿਕ ਲੋਕਾਂ ਲਈ ‘ਕੋਈ ਧਰਮ ਨਹੀਂ’ ਕਾਲਮ ਸ਼ਾਮਿਲ ਕਰਨ ਦੀ ਮੰਗ

**ਸੰਗਰੂਰ**

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾਈ ਸਾਲਾਨਾ ਇਕੱਤਰਤਾ ਤਰਕਸ਼ੀਲ ਭਵਨ ਬਰਨਾਲਾ ਵਿਖੇ ਹੋਈ ਜਿਸ ਵਿੱਚ ਸੂਬਾ ਕਮੇਟੀ ਮੁਖੀਆਂ ਅਤੇ ਪੰਜਾਬ ਦੇ ਵੱਖ ਜੋਨਾਂ ਅਤੇ ਇਕਾਈਆਂ ਦੇ 120 ਆਗੂਆਂ ਅਤੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਪੰਜਾਬ ਵਿੱਚ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਪਾਸ ਕਰਵਾਉਣ ਲਈ ਜਨਤਕ ਮੁਹਿੰਮ ਚਲਾਉਣ, ਤਰਕਸ਼ੀਲ ਲਹਿਰ ਨੂੰ ਜੱਥੇਬੰਦਕ ਪੱਧਰ ਤੇ ਹੋਰ ਮਜ਼ਬੂਤ ਕਰਨ ਅਤੇ ਤਰਕਸ਼ੀਲ ਸਾਹਿਤ ਨੂੰ ਵੱਡੇ ਪੱਧਰ ਤੇ ਸਮਾਜ ਦੇ ਹਰ ਵਰਗ ਦੇ ਲੋਕਾਂ ਤਕ ਪਹੁੰਚਾਉਣ ਸਬੰਧੀ ਫੈਸਲੇ ਕੀਤੇ ਗਏ। ਇਸ ਮੌਕੇ ਕੇਂਦਰ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਮਰਦਮਸ਼ੁਮਾਰੀ ਦੇ ਫਾਰਮ ਵਿੱਚ ਗ਼ੈਰ ਧਾਰਮਿਕ ਲੋਕਾਂ ਲਈ ‘ ਕੋਈ ਧਰਮ ਨਹੀਂ’ ਕਾਲਮ ਸ਼ਾਮਿਲ ਕਰਨਾ ਯਕੀਨੀ ਬਣਾਇਆ ਜਾਵੇ। ਇਕੱਤਰਤਾ ਦੇ ਪਹਿਲੇ ਸੈਸ਼ਨ ਵਿੱਚ ਸੁਸਾਇਟੀ ਦੇ ਵੱਖ ਵੱਖ ਵਿਭਾਗਾਂ ਦੇ ਸੂਬਾਈ ਮੁਖੀਆਂ ਵੱਲੋਂ ਪਿਛਲੇ ਇੱਕ ਸਾਲ ਦੀ ਕਾਰਗੁਜ਼ਾਰੀ ਦੀਆਂ ਰਿਪੋਰਟਾਂ ਪੇਸ਼ ਕੀਤੀਆਂ ਗਈਆਂ ਜਿਨ੍ਹਾਂ ਉਤੇ ਬਹਿਸ ਕਰਦੇ ਹੋਏ ਤਰਕਸ਼ੀ.ਲ ਆਗੂਆਂ ਨੇ ਜੱਥੇਬੰਦਕ ਮਜ਼ਬੂਤੀ ਲਈ ਜਿੱਥੇ ਜੋਨ ਅਤੇ ਇਕਾਈਆਂ ਦੀਆਂ ਨਿਯਮਤ ਮੀਟਿੰਗਾਂ ਤੇ ਸਿੱਖਲਾਈ ਵਰਕਸ਼ਾਪਾਂ ਕਰਨ ਅਤੇ ਸੂਬਾਈ ਕਾਰਜ ਵਿਉਂਤਬੰਦੀ ਨੂੰ ਸਮੇਂ ਸਿਰ ਲਾਗੂ ਕਰਨ ਉਤੇ ਜ਼ੋਰ ਦਿੱਤਾ ਉੱਥੇ ਹੀ ਨੌਜਵਾਨਾਂ, ਵਿਦਿਆਰਥੀਆਂ, ਔਰਤਾਂ ਅਤੇ ਅਧਿਆਪਕਾਂ ਨੂੰ ਤਰਕਸ਼ੀ.ਲ ਸੁਸਾਇਟੀ ਨਾਲ ਜੋੜਨ ਦੀ ਵਿਸ਼ੇਸ਼ ਮੁਹਿੰਮ ਚਲਾਉਣ ਦਾ ਕਾਰਜ ਵੀ ਉਲੀਕਿਆ ਗਿਆ। ਇਸ ਤੋਂ ਪਹਿਲਾਂ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਹਾਜ਼ਰ ਆਗੂਆਂ ਅਤੇ ਮੈਂਬਰਾਂ ਨੂੰ ਜੀ ਆਇਆਂ ਕਿਹਾ। ਦੂਜੇ ਸੈਸ਼ਨ ਦੌਰਾਨ ਆਗੂਆਂ ਨੇ ਕਿਹਾ ਕਿ ਲੋਕਾਂ ਵਿੱਚ ਤਰਕਸ਼ੀਲ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਤਰਕਸ਼ੀਲ ਸਾਹਿਤ ਵੈਨ ਨੂੰ ਸਕੂਲਾਂ,ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਲਿਜਾਣ ਦੇ ਇਲਾਵਾ ਪੰਜਾਬ ਵਿੱਚ ਲਗਦੇ ਪੁਸਤਕ ਮੇਲਿਆਂ ਵਿੱਚ




ਸ਼ਮੂਲੀਅਤ ਕਰਨ ਦੀ ਵੀ ਵੱਡੀ ਲੋੜ ਹੈ। ਤਰਕਸ਼ੀਲ ਮੈਗਜ਼ੀਨ ਨੂੰ ਹਰ ਪਿੰਡ,ਕਸਬੇ, ਲਾਇਬ੍ਰੇਰੀ,ਦਫਤਰ ਅਤੇ ਕਾਰਖਾਨਿਆਂ ਤਕ ਪਹੁੰਚਾਉਣ ਲਈ ਵਿਸ਼ੇਸ਼ ਯਤਨ ਜੁਟਾਉਣੇ ਚਾਹੀਦੇ ਹਨ। ਆਗੂਆਂ ਵੱਲੋਂ ਅਗਲੇ ਸਾਲ ਤੋਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦਾ ਪੈਟਰਨ ਬਦਲਣ ਸਬੰਧੀ ਵੀ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਗੱਲ ਉੱਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ ਕਿ ਤਰਕਸ਼ੀਲ ਸੁਸਾਇਟੀ ਨੇ ਮਰਨ ਉਪਰੰਤ ਸਰੀਰ ਦਾਨ, ਅੱਖਾਂ ਦਾਨ ਅਤੇ ਅੰਗ ਦਾਨ ਕਰਨ ਦੀ ਮੁਹਿੰਮ ਦੇ ਨਾਲ ਨਾਲ ਸਮਾਜ ਵਿੱਚ ਪਾਖੰਡੀ ਬਾਬਿਆਂ ਵੱਲੋਂ ਕੀਤੀ ਜਾਂਦੀ ਲੁੱਟ, ਫਜ਼ੂਲਖਰਚੀ ਦੇ ਰੂੜੀਵਾਦੀ ਰਸਮਾਂ ਰਿਵਾਜਾਂ ਅਤੇ ਦਾਜ ਦਹੇਜ, ਨਸ਼ਿਆਂ ਦੀਆਂ ਸਮਾਜਿਕ ਬੁਰਾਈਆਂ ਵਿਰੁੱਧ ਵੱਖ ਵੱਖ ਵਰਗਾਂ ਦੇ ਲੋਕਾਂ ਵਿੱਚ ਵਿਗਿਆਨਕ ਸੋਚ ਫੈਲਾਉਣ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਇਸ ਵਿਚਾਰ ਚਰਚਾ ਵਿੱਚ ਤਰਕਸ਼ੀ.ਲ ਆਗੂਆਂ ਮਾਸਟਰ ਪਰਮਵੇਦ ਸੰਗਰੂਰ, ਸੁਰਜੀਤ ਟਿੱਬਾ, ਅਜੀਤ ਪ੍ਰਦੇਸੀ, ਜਸਵਿੰਦਰ ਫਗਵਾੜਾ, ਹੇਮ ਰਾਜ ਸਟੈਨੋਂ, ਸੁਖਦੇਵ



ਫਗਵਾੜਾ,ਜਸਵੰਤ ਜੀਰਖ, ਸੁਖਵਿੰਦਰ ਬਾਗਪੁਰ,ਰਾਜਪਾਲ ਬਠਿੰਡਾ, ਜਸਵੰਤ ਮੋਹਾਲੀ, ਰਾਜੇਸ਼ ਅਕਲੀਆ,ਰਾਮ ਸਵਰਨ ਲੱਖੇਵਾਲੀ,ਸੁਮੀਤ ਅੰਮ੍ਰਿਤਸਰ, ਜਗਦੀਸ਼ ਰਾਏਪੁਰ ਡੱਬਾ ,ਜੋਗਿੰਦਰ ਕੁੱਲੇਵਾਲ ,ਬਲਰਾਜ ਮੌੜ,ਗੁਰਪ੍ਰੀਤ ਸ਼ਹਿਣਾ, ਜੁਝਾਰ ਲੌਂਗੋਵਾਲ, ਕੁਲਜੀਤ ਫਾਜ਼ਿਲਕਾ,ਪਰਵੀਨ ਜੰਡਵਾਲਾ,ਕੁਲਵੰਤ ਕੌਰ, ਅੰਮ੍ਰਿਤ ਰਿਸ਼ੀ, ਪ੍ਰਿੰ.ਮੇਲਾ ਰਾਮ, ਹਰਚੰਦ ਭਿੰਡਰ,ਧਰਮ ਪਾਲ ਲੁਧਿਆਣਾ, ਗੁਰਮੀਤ ਖਰੜ,ਸਤਪਾਲ ਸਲੋਹ, ਪਰਮਜੀਤ ਜਲੰਧਰ,ਕੈਪਟਨ ਮਾਨਾਂਵਾਲਾ, ਗਿਆਨ ਸਿੰਘ, ਪ੍ਰਿੰ. ਜੋਗਾ ਸਿੰਘ,ਪ੍ਰਿੰ. ਮਨਜੀਤ ਸਿੰਘ, ਜਸਵੀਰ ਸੋਨੀ, ਜਿੰਦਰ ਬਾਗਪੁਰ, ਪਾਲ ਬਾਗਪੁਰ, ਵਿਸ਼ਵ ਕਾਂਤ, ਅਸ਼ੋਕ ਰੋਪੜ, ਰਾਮ ਕੁਮਾਰ ਪਟਿਆਲਾ,ਗਗਨ ਰਾਮਪੁਰਾ ਸੁਰਿੰਦਰ ਪਾਲ ਫਗਵਾੜਾ, ਪੂਰਨ ਸਿੰਘ ਆਦਿ ਨੇ ਹਿੱਸਾ ਲਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਵਿੰਦਰ ਨਗਾਰੀ,ਸੀਤਾ ਰਾਮ ਬਾਲਦ ਕਲਾਂ,ਸ਼ਮਸ਼ੇਰ ਨੂਰਪੁਰ,ਹਰਦੀਪ ਖਿਲਚੀਆਂ,ਦਮਨਜੀਤ ਕੌਰ, ਪਰਮਜੀਤ ਕੌਰ ਜੋਧਪੁਰ, ਬਲਜਿੰਦਰ ਸ਼ਾਹਬਾਜ਼ਪੁਰ, ਸੁਰੇਸ਼ ਪਠਾਣੀਆਂ,ਮਾਸਟਰ ਸੁਰਜੀਤ ਮੁਹਾਲੀ,ਸ਼ੈਲੇਂਦਰ ਮੁਹਾਲੀ ,ਸੁਰਿੰਦਰ ਮਲੂਕਪੁਰੀ,ਸੁਖਵਿੰਦਰ ਗੋਗਾ ਆਦਿ ਸ਼ਾਮਿਲ ਸਨ।

**ਸੁਮੀਤ ਅੰਮ੍ਰਿਤਸਰ**
**ਸੂਬਾਈ ਮੀਡੀਆ ਮੁਖੀ**
**7696030173**
**ਮਾਸਟਰ ਪਰਮਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਮੂਰਤੀਕਾਰ ਇਕਬਾਲ ਸਿੰਘ ਗਿੱਲ ਦੀ ਪੁਸਤਕ 'ਕਲਾ ਦਾ ਸਫਰ' ਉੱਤੇ ਵਿਸ਼ਾਲ ਵਿਚਾਰ ਗੋਸ਼ਟੀ

## ਬਰਨਾਲਾ ਵਿੱਚ ਕਲਾ ਤੇ ਸਾਹਿਤ ਦਾ ਰੰਗੀਨ ਮੇਲਾ









**ਬਰਨਾਲਾ, ਗੁਰਭਿੰਦਰ ਗੁਰੀ**
ਬਰਨਾਲਾ ਸ਼ਹਿਰ ਵਿੱਚ ਕਲਾ ਅਤੇ ਸਾਹਿਤ ਦਾ ਸੁੰਦਰ ਮੇਲ ਵੇਖਣ ਨੂੰ ਮਿਲਿਆ, ਜਦੋਂ ਅਦਬੀ ਸਾਂਝ ਬਰਨਾਲਾ ਵੱਲੋਂ ਪ੍ਰਸਿੱਧ ਮੂਰਤੀਕਾਰ ਇਕਬਾਲ ਸਿੰਘ ਗਿੱਲ ਮਾਣੂੰਕੇ ਦੀ ਜੀਵਨੀ ਤੇ ਆਧਾਰਿਤ ਪੁਸਤਕ 'ਕਲਾ ਦਾ ਸਫਰ' ਉੱਤੇ ਵਿਸ਼ਾਲ ਵਿਚਾਰ ਗੋਸ਼ਟੀ ਅਤੇ ਸਨਮਾਨ ਸਮਾਗਮ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਗੁਰਦੁਆਰਾ ਸ੍ਰੀ ਸਿੰਘ ਸਭਾ ਬਰਨਾਲਾ ਦੇ ਪ੍ਰੰਗਣ ਵਿੱਚ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਮਹੱਤਵਪੂਰਨ ਸਮਾਗਮ ਦੀ ਅਗਵਾਈ ਅਦਬੀ ਸਾਂਝ ਦੇ ਸਰਪ੍ਰਸਤ ਅਤੇ ਉੱਘੇ ਲੇਖਕ ਅਵਤਾਰ ਸਿੰਘ ਬੱਬੀ ਰਾਏਸਰ ਨੇ ਕੀਤੀ, ਜਦਕਿ ਪ੍ਰੋਗਰਾਮ ਦਾ ਉਦਘਾਟਨ ਪ੍ਰਸਿੱਧ ਲੇਖਕਾ ਜਸਵਿੰਦਰ ਕੌਰ ਤੂਰ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਗੁਰਬਾਣੀ ਕੀਰਤਨ ਨਾਲ ਹੋਈ, ਜਿਸ ਨੇ ਮਾਹੌਲ ਨੂੰ ਆਧਿਆਤਮਿਕ ਰੰਗ ਨਾਲ ਭਰ ਦਿੱਤਾ। ਸਮਾਗਮ ਦੌਰਾਨ ਵੱਖ-ਵੱਖ ਸਾਹਿਤਕਾਰਾਂ ਅਤੇ ਕਲਾਕਾਰਾਂ ਨੇ ਪੁਸਤਕ 'ਕਲਾ ਦਾ ਸਫਰ' ਉੱਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਮੂਰਤੀਕਾਰ ਇਕਬਾਲ ਸਿੰਘ ਗਿੱਲ ਦੀ ਕਲਾ ਸਿਰਫ ਪੱਥਰ ਜਾਂ ਧਾਤ ਨੂੰ ਆਕਾਰ ਦੇਣ ਤੱਕ ਸੀਮਿਤ ਨਹੀਂ, ਸਗੋਂ ਉਹ ਆਪਣੇ ਹੱਥਾਂ ਨਾਲ ਬਣਾਈਆਂ ਮੂਰਤੀਆਂ ਵਿੱਚ ਜ਼ਿੰਦਗੀ ਭਰ ਦੇਂਦੇ ਹਨ। ਉਨ੍ਹਾਂ ਦੀਆਂ ਬਣਾਈਆਂ ਮੂਰਤੀਆਂ "ਮੂੰਹੋਂ ਬੋਲਦੀਆਂ" ਮਹਿਸੂਸ ਹੁੰਦੀਆਂ ਹਨ, ਜੋ ਕਿ ਇੱਕ ਸੱਚੇ ਕਲਾਕਾਰ ਦੀ ਸਭ ਤੋਂ ਵੱਡੀ ਪਹਿਚਾਣ ਹੈ। ਵਕਤਾਵਾਂ ਨੇ ਦੱਸਿਆ ਕਿ ਇਕਬਾਲ ਸਿੰਘ ਗਿੱਲ ਵੱਲੋਂ ਬਣਾਈਆਂ ਸੈਂਕੜਿਆਂ ਮੂਰਤੀਆਂ ਨਾ ਸਿਰਫ ਪੰਜਾਬ ਜਾਂ ਭਾਰਤ ਵਿੱਚ, ਸਗੋਂ ਵਿਦੇਸ਼ਾਂ ਵਿੱਚ ਵੀ ਸਥਾਪਿਤ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਦੀ ਕਲਾ ਦੇ ਰੂਪ ਵਿੱਚ ਇਤਿਹਾਸ ਅਤੇ ਸੰਸਕ੍ਰਿਤੀ ਨੂੰ ਜੀਵੰਤ ਰੱਖਣ ਦੀ ਵੱਡੀ ਭੂਮਿਕਾ ਹੈ।

ਉਨ੍ਹਾਂ ਵੱਲੋਂ ਤਿਆਰ ਕੀਤੀਆਂ ਮੂਰਤੀਆਂ ਵਿੱਚ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਣ ਸਿੰਘ, ਪੰਜਾਬੀ ਗਾਇਕੀ ਦੇ ਮਾਹਿਰ ਕੁਲਦੀਪ ਮਾਣਕ, ਲੋਕ ਗਾਇਕ ਲਾਲ ਚੰਦ ਯਮਲਾ ਜੱਟ, ਗੁਰਦਾਸ ਮਾਨ, ਸੁਰਿੰਦਰ ਛਿੰਦਾ, ਜਿਊਣਾ ਮੌੜ ਅਤੇ ਸੁੱਚਾ ਸੂਰਮਾ ਵਰਗੀਆਂ ਮਹਾਨ ਹਸਤੀਆਂ ਦੇ ਰੂਪ ਵਿਸ਼ੇਸ਼ ਰੂਪ ਵਿੱਚ ਸ਼ਾਮਲ ਹਨ। ਇਸ ਤੋਂ ਇਲਾਵਾ, ਇਤਿਹਾਸਕ ਗੁਰਦੁਆਰਾ ਸ੍ਰੀ ਮੈਹਦੇਆਣਾ ਸਾਹਿਬ ਵਿਖੇ ਸਥਿਤ ਸਿੱਖ ਅਜਾਇਬ ਘਰ ਵਿੱਚ ਵੀ ਉਨ੍ਹਾਂ ਵੱਲੋਂ ਬਣਾਈਆਂ ਗਈਆਂ ਬੇਸ਼ੁਮਾਰ ਮੂਰਤੀਆਂ ਸਿੱਖ ਇਤਿਹਾਸ ਨੂੰ ਰੂਪਕ ਰੂਪ ਵਿੱਚ ਪੇਸ਼ ਕਰਦੀਆਂ ਹਨ। ਪ੍ਰਸਿੱਧ ਨਾਟਕਕਾਰ ਅਤੇ ਲੇਖਕ ਮੋਹੀ ਅਮਰਜੀਤ ਸਿੰਘ ਵੱਲੋਂ ਲਿਖੀ ਇਸ ਪੁਸਤਕ ਬਾਰੇ ਵਿਚਾਰ ਸਾਂਝੇ ਕਰਦਿਆਂ ਵਕਤਾਵਾਂ ਨੇ ਕਿਹਾ ਕਿ ਇਹ ਕਿਤਾਬ ਇਕਬਾਲ ਸਿੰਘ ਗਿੱਲ ਦੀ ਜ਼ਿੰਦਗੀ ਦੇ ਸੰਘਰਸ਼, ਮਿਹਨਤ ਅਤੇ ਕਲਾ ਪ੍ਰਤੀ ਉਨ੍ਹਾਂ ਦੀ ਅਟੱਲ ਲਗਨ ਨੂੰ ਬੜੀ ਖੂਬਸੂਰਤੀ ਨਾਲ ਦਰਸਾਉਂਦੀ ਹੈ। ਇਹ ਪੁਸਤਕ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਦਾ ਸਰੋਤ ਹੈ ਅਤੇ ਕਲਾ ਦੇ ਖੇਤਰ ਵਿੱਚ ਆਉਣ ਵਾਲਿਆਂ ਲਈ ਮਾਰਗਦਰਸ਼ਕ ਸਾਬਤ ਹੋ ਸਕਦੀ ਹੈ।

**ਵਿਸ਼ੇਸ਼ ਸਨਮਾਨ ਅਤੇ ਹਾਜ਼ਰੀ**
ਇਸ ਮੌਕੇ ਵਾਰਸ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਮੂਰਤੀਕਾਰ ਇਕਬਾਲ ਸਿੰਘ ਗਿੱਲ, ਲੇਖਕ ਸੀਨੀਅਰ ਪੱਤਰਕਾਰ ਗੁਰਭਿੰਦਰ ਗੁਰੀ .ਲੇਖਕ ਮੋਹੀ ਅਮਰਜੀਤ ਸਿੰਘ, ਸਮਾਜ ਸੇਵਕ ਬਾਬਾ ਜੰਗ ਸਿੰਘ ਦੀਵਾਨਾ, ਰਜਿੰਦਰ ਕੌਰ ਬਿੱਟਾ, ਸੁਖਪਾਲ ਕੌਰ ਬਾਠ ਅਤੇ ਅਵਤਾਰ ਸਿੰਘ ਬੱਬੀ ਰਾਏਸਰ ਜੈਸਮੀਨ ਕੌਰ.ਭਗਤ ਸਿੰਘ.ਹਰਪ੍ਰੀਤ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਸਟੇਜ ਸਕੱਤਰ ਦੀ ਭੂਮਿਕਾ ਸੁਖਪਾਲ ਕੌਰ ਬਾਠ ਨੇ ਬੜੀ ਨਿਪੁੰਨਤਾ ਨਾਲ ਨਿਭਾਈ ਅਤੇ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਚਲਾਇਆ।

ਸਮਾਗਮ ਵਿੱਚ ਪ੍ਰਸਿੱਧ ਗੀਤਕਾਰ ਜਸਵੰਤ ਬੋਪਾਰ-ਾਏ, ਗਾਇਕ ਬਲਵਿੰਦਰ ਮਾਨ, ਲੇਖਕ ਗੁਰਨੈਬ ਸਿੰਘ ਸਾਜਨ, ਗੁਰਸੇਵਕ ਸਿੰਘ ਸੋਹੀ, ਹਰਦੀਪ ਕੌਸ਼ਲ ਮੱਲ੍ਹਾ, ਲੋਕ ਕਵੀ ਸੁਰਜੀਤ ਸਿੰਘ ਦਿਹੜ, ਗੁਰਿੰਦਰ ਸਿੰਘ ਗਿੰਦੀ, ਬਲਜਿੰਦਰ ਸਿੰਘ ਲਸੋਈ, ਗੁਰਮੇਲ ਸਿੰਘ ਰੰਧਾਵਾ, ਅਮਰੀਕ ਸਿੰਘ ਸੈਦੋਕੇ, ਗਗਨਦੀਪ ਕੌਰ ਧਾਲੀਵਾਲ , ਤੇਜਾ ਸਿੰਘ ਤਿਲਕ,ਹਰਦੇਵ ਸਿੰਘ ਬਾਜਵਾ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਬਰਨਾਲਾ ਅਜੈਬ ਸਿੰਘ ਜਵੰਦਾ,ਜਨ ਸਕੱਤਰ ਗੁਰਦੁਆਰਾ ਸਿੰਘ ਸਭਾ ਬਰਨਾਲਾ ਸੁਖਦੇਵ ਸਿੰਘ ਨੰਬਰਦਾਰ ਸੀਨੀਅਰ ਪੱਤਰਕਾਰ ਗੁਰਜੀਤ ਸਿੰਘ ਖੁੱਡੀ ਖੁਰਦ .ਰਜਿੰਦਰ ਮੈਡਮ ਬਰਨਾਲਾ . ਕ੍ਰਿਸ਼ਨਾ ਮੈਡਮ ਹਲਵਾਰਾ


ਸਰਬਜੀਤ ਸਿੰਘ ਬੈਲਜੀਅਮ ਜਗਰੂਪ ਸਿੰਘ ਰਾਏਸਰ ਨਿਰਮਲ ਸਿੰਘ ਰਾਏਸਰ ਮਨਦੀਪ ਸਿੰਘ ਗੱਗੜ ਸੁਖਦੀਪ ਸਿੰਘ ਰਾਏਸਰ ਦੀਪੂ ਸਿੰਘ ਜਸਵੰਤ ਸਿੰਘ ਰਾਊਕੇ ਗੁਰਦੀਪ ਸਿੰਘ ਨੈਣੇਵਾਲ

ਜਸ ਸਹਿਣਾਸਮੇਤ ਕਈ ਹੋਰ ਲੇਖਕਾਂ ਅਤੇ ਕਲਾਕਾਰਾਂ ਨੇ ਸ਼ਿਰਕਤ ਕਰਕੇ ਸਮਾਗਮ ਦੀ ਰੌਣਕ ਵਧਾਈ। ਇਹ ਸਮਾਗਮ ਸਿਰਫ ਇੱਕ ਕਿਤਾਬ ਦੀ ਚਰਚਾ ਨਹੀਂ ਸੀ, ਸਗੋਂ ਕਲਾ ਅਤੇ ਸਾਹਿਤ ਦੇ ਮਿਲਾਪ ਦਾ ਇੱਕ ਸੁੰਦਰ ਮੰਚ ਸੀ, ਜਿਸ ਨੇ ਸਾਬਤ ਕੀਤਾ ਕਿ ਜੇ ਕਲਾਕਾਰ ਆਪਣੇ ਕੰਮ ਨਾਲ ਸੱਚਾ ਰਹੇ, ਤਾਂ ਉਸ ਦੀ ਕਲਾ ਸਦੀਵਾਂ ਜੀਵੰਤ ਰਹਿੰਦੀ ਹੈ। 'ਕਲਾ ਦਾ ਸਫਰ' ਵਰਗੀਆਂ ਪੁਸਤਕਾਂ ਸਾਨੂੰ ਨਾ ਸਿਰਫ ਕਲਾਕਾਰ ਦੀ ਜ਼ਿੰਦਗੀ ਨਾਲ ਜੋੜਦੀਆਂ ਹਨ, ਸਗੋਂ ਸਾਡੇ ਅੰਦਰ ਵੀ ਕਲਾ ਲਈ ਨਵਾਂ ਜਜ਼ਬਾ ਜਗਾਉਂਦੀਆਂ ਹਨ।

# "ਰੰਗਲਾ ਪੰਜਾਬ" ਬਣਾਉਣ ਦੇ ਦਾਅਵੇ ਕਰਣ ਵਾਲੀ ਆਮ ਆਦਮੀ ਪਾਰਟੀ ਸਰਕਾਰ ਨੇ ਬਣਾਇਆ ਪੰਜਾਬ ਨੂੰ ਬਣਾਈਆਂ ਕੰਗਲਾ : ਅਜੇ ਮੰਗੂਪੁਰ

**ਲੁੱਟੇ ਤਾ ਪੰਜਾਬੀ ਗਏ ਭਾਜਪਾ ਵਲੋਂ ਵੀ ਤੇ ਝਾੜੂ ਵਲੋਂ ਵੀ**

**ਨਵਾਂਸ਼ਹਿਰ 28 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਨਾਲ ਗੱਦਾਰੀ ਸਿਰਫ਼ ਕਿਸੇ ਇੱਕ ਵਿਅਕਤੀ (ਰਾਘਵ ਚੱਢਾ) ਨੇ ਨਹੀਂ, ਸਗੋਂ ਪੂਰੀ ਆਮ ਆਦਮੀ ਪਾਰਟੀ ਨੇ ਕੀਤੀ ਹੈ।ਸੱਚ ਤਾਂ ਇਹ ਹੈ ਕਿ ਪੰਜਾਬ ਦੇ ਲੋਕਾਂ ਨੇ ਕਦੇ ਇਨ੍ਹਾਂ ਰਾਜ ਸਭਾ ਮੈਂਬਰਾਂ ਨੂੰ ਚੁਣਿਆ ਹੀ ਨਹੀਂ ਸੀ; ਇਹ ਸਾਰੇ ਤਾਂ ਪੰਜਾਬ ਸਿਰ ਥੋਪੇ ਗਏ ਸਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਕਾਂਗਰਸੀ ਆਗੂ ਅਤੇ ਜਿਲ੍ਹਾਂ ਪ੍ਰਧਾਨ ਅਜੇ ਮੰਗੂਪੁਰ ਨੇ ਕਰਦਿਆਂ ਕਿਹਾ ਜਦੋਂ ਆਪਣਿਆਂ ਦੀ ਬਜਾਏ ਬਾਹਰਲੇ ਬੰਦੇ ਫੈਸਲੇ ਲੈਣਗੇ, ਤਾਂ ਨਤੀਜਾ ਇਹੀ ਹੋਣਾ ਸੀ। ਹੁਣ ਜਦੋਂ ਉਹ ਆਪਣਾ ਰਾਹ ਫੜ ਗਏ ਹਨ, ਤਾਂ ਆਮ ਆਦਮੀ ਪਾਰਟੀ ਵਾਲੇ ਚੀਕਾਂ ਮਾਰ ਰਹੇ ਹਨ। ਪੰਜਾਬ ਦੀ ਆਵਾਜ਼ ਪੰਜਾਬ ਦੇ ਲੋਕਾਂ ਦੇ ਹੱਥ ਵਿੱਚ ਹੋਣੀ ਚਾਹੀਦੀ ਹੈ, ਨਾ ਕਿ ਕਿਸੇ ਥੋਪੀ ਹੋਈ ਲੀਡਰਸ਼ਿਪ ਦੇ। ਇਨ੍ਹਾਂ ਲੋਕਾਂ ਨੇ ਪੰਜਾਬ ਨੂੰ ਦੋਨਾਂ ਹੱਥਾਂ ਨਾਲ ਲੁੱਟਿਆ ਅਤੇ ਕੁੱਟਿਆ ਪੰਜਾਬ ਦਾ ਸਿਰ ਕੁੱਲ ਖਰਚਾ 2026 ਮਾਰਚ 4.17 ਕਰੋੜ ਤੱਕ ਪਹੁੰਚਣ ਦਾ ਅਨੁਮਾਨ ਹੈ, ਜਿਸ ਨਾਲ ਸੂਬਾ 'ਕਰਜ਼ੇ ਦੇ ਜਾਲ' ਵਿੱਚ ਫਸ ਵਿੱਚ ਕੇ ਰਿਹਾ ਹੈ। ਉਨ੍ਹਾਂ ਕਿਹਾ ਸੂਬੇ ਗੈਂਗਸਟਰ ਕਲਚਰ, ਫਿਰੌਤੀਆਂ ਅਤੇ ਸੰਗਠਿਤ ਅਪਰਾਧ ਵਿੱਚ ਵਾਧੇ ਨੂੰ ਲੈ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ ਜਿਸ ਕਰਕੇ ਰਾਜ ਵਿੱਚ ਡਰ ਦਾ ਮਾਹੌਲ ਬਣਿਆ ਹੈ। ਸਰਕਾਰ ਵੱਲੋਂ ਨਸ਼ਿਆਂ ਵਿਰੁੱਧ 'ਜੰਗ' ਦੇ ਦਾਅਵਿਆਂ ਦੇ ਬਾਵਜੂਦ, ਧਰਾਤਲ 'ਤੇ ਨਸ਼ਿਆਂ ਦਾ ਪ੍ਰਸਾਰ ਜਾਰੀ ਹੈ, ਜਿਸ ਲਈ ਪੁਲਿਸ ਅਤੇ ਤਸਕਰਾਂ ਦੇ ਕਥਿਤ ਗਠਜੋੜ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਇਹ ਦੋਸ਼ ਲਗਾਇਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ ਫੈਸਲੇ ਦਿੱਲੀ ਵਿੱਚ ਬੈਠੀ ਲੀਡਰਸ਼ਿਪ ਵੱਲੋਂ ਲਏ ਜਾਂਦੇ ਹਨ, ਅਤੇ ਹਰ ਫਾਈਲ ਉਪਰ ਦਿੱਲੀ ਦੇ ਹੁਕਮਾਂ ਅਨੁਸਾਰ ਕਾਰਵਾਈ ਹੋਣ ਕਰਕੇ ਪੰਜਾਬ ਦੀ ਖ਼ੁਦਮੁਖਤਿਆਰੀ ਨੂੰ ਵੱਡਾ ਨੁਕਸਾਨ ਪਹੁੰਚ ਰਿਹਾ ਹੈ। ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਦੇ ਚਾਰ ਸਾਲਾਂ ਦੇ ਕਾਰ-ਜਕਾਲ ਦੌਰਾਨ, ਲੀਡਰਾਂ ਉੱਤੇ ਪੰਜਾਬ ਨਾਲ ਧੋਖਾਧੜੀ ਅਤੇ ਅਣਦੇਖੀ ਦੇ ਕਈ ਗੰਭੀਰ ਇਲਜ਼ਾਮ ਲੱਗੇ ਹਨ । ਉਨ੍ਹਾਂ ਕਿਹਾ ਜਿੱਥੇ ਮੁੱਖ ਮੰਤਰੀ ਭਗਵੰਤ ਮਾਨ ਆਪਣੀਆਂ ਚੋਣ ਗਾਰੰਟੀਆਂ ਪੂਰੀਆਂ ਕਰਨ ਦਾ ਦਾਅਵਾ ਕਰਦੇ ਹਨ, ਉੱਥੇ ਹੀ ਵਿਰੋਧੀ ਧਿਰਾਂ ਅਤੇ ਜਨਤਾ ਵੱਲੋਂ



ਕਈ ਮੁੱਦਿਆਂ 'ਤੇ ਤਿੱਖੀ ਆਲੋਚਨਾ ਕੀਤੀ ਜਾ ਰਹੀ ਹੈ। 'ਆਪ' ਦੇ ਕਈ ਵੱਡੇ ਲੀਡਰਾਂ 'ਤੇ ਵਿੱਤੀ ਬੇਨਿਯਮੀਆਂ ਦੇ ਇਲਜ਼ਾਮ ਲੱਗੇ ਹਨ। ਰਾਜ ਸਭਾ ਮੈਂਬਰ ਅਸ਼ੋਕ ਕੁਮਾਰ ਮਿੱਤਲ ਅਤੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਟਿਕਾਣਿਆਂ 'ਤੇ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਛਾਪੇਮਾਰੀ ਕੀਤੀ ਗਈ ਹੈ। ਕਿਸਾਨਾਂ ਦਾ ਇਲਜ਼ਾਮ ਹੈ ਕਿ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਅਤੇ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਉਨ੍ਹਾਂ ਨਾਲ ਸਖਤੀ ਵਰਤੀ ਗਈ। ਜਦੋਂ ਕਿ ਸਰਕਾਰ "ਰੰਗਲਾ ਪੰਜਾਬ" ਬਣਾਉਣ ਦੇ ਦਾਅਵੇ ਕਰ ਰਹੀ ਹੈ ਪਰ ਇਹ ਰੰਗਲਾ ਨਾ ਬਣਨ ਦੀ ਬਜਾਏ ਕੰਗਲਾ ਪੰਜਾਬ ਜ਼ਰੂਰ ਬਣਾ ਦਿੱਤਾ । ਸੂਬੇ ਅੰਦਰ ਜਿਸ ਤਰੀਕੇ ਨਾਲ ਸਿੱਖ ਨੌਜਵਾਨਾਂ ਨੂੰ ਪੁਲਿਸ ਮੁਕਾਬਲਿਆਂ ਵਿੱਚ ਮਾਰਿਆ ਜਾ ਰਿਹਾ ਹੈ, ਨੌਜਵਾਨਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਹੈ । ਜਿਸ ਕਾਰਨ ਵੱਡੀ ਗਿਣਤੀ ਸਿੱਖ ਨੌਜਵਾਨ ਵਿਦੇਸ਼ ਜਾ ਰਹੇ ਹਨ ਤਾਂ ਕਿ ਉਹ ਪੁਲਿਸ ਦੇ ਦਮਨ ਚੱਕਰ ਤੋਂ ਬਚੇ ਰਹਿਣ। ਮਾਪੇ ਵੀ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ ਤਾਂ ਕਿ ਉਨ੍ਹਾਂ ਦੇ ਬੱਚੇ ਪੁਲਿਸ ਦੇ ਚੱਕਰ ਵਿੱਚ ਨਾ ਫਸ ਸਕਣ। ਇਸ ਲਈ ਮੁਆਫ ਤਾਂ ਪੰਜਾਬੀਆਂ ਨੇ ਤੁਹਾਨੂੰ ਵੀ ਨਹੀਂ ਕਰਨਾ ਹੈ । ਜਿਹੜੇ 7 ਮੈਂਬਰ ਆਪ ਤੋਂ ਭਾਜਪਾਈ ਬਣੇ ਹਨ ਤੇ ਕੁਝ ਹੋਰ ਈਡੀ ਦੇ ਡਰ ਤੋਂ ਬਣਨ ਨੂੰ ਤਿਆਰ ਹਨ, ਇਹਨਾਂ 7 ਮੈਂਬਰਾ ਵਿੱਚ ਕਿਹੜਾ ਪੰਜਾਬ ਵਿੱਚੋਂ ਚੁਣ ਕੇ ਭੇਜਿਆ ਸਾਰੇ ਬਾਹਰ ਦੀਆਂ ਸਟੇਟਾਂ ਵਿੱਚੋਂ ਚੁਣੇ ਗਏ ਸਨ । ਕੇਜਰੀਵਾਲ ਵਰਗਾ ਗ਼ੱਦਾਰ ਭੋਲੇ ਭਾਲੇ ਪੰਜਾਬੀਆਂ ਨੂੰ ਫੁਸਲਾ ਕੇ ਸਰਕਾਰ ਬਣਾ ਗਿਆ ਪਰ ਪੰਜਾਬ ਦਾ ਭਲਾ ਕਰਣ ਦੀ ਥਾਂ ਪੰਜਾਬ ਨੂੰ ਲੁੱਟੀ ਜਾ ਜਾ ਰਿਹਾ ਹੈ । ਅੰਤ ਵਿਚ ਉਨ੍ਹਾਂ ਕਿਹਾ ਲੁੱਟੇ ਤਾ ਪੰਜਾਬੀ ਗਏ ਭਾਜਪਾ ਵਲੋ ਵੀ ਤੇ ਝਾੜੂ ਵਲੋ ਵੀ ਜੋ ਸਭ ਕੁੱਝ ਜੱਗ ਜ਼ਾਹਿਰ ਹੋ ਚੁੱਕਿਆ ਹੈ ਬਾਕੀ ਆਉਣ ਵਾਲਾ ਸਮਾਂ ਹੀ ਦੱਸੇਗਾ ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

... (FREE CONSULTATION) ...

GENERAL DISEASES: ... (Diabetes), ... (Asthma), ... (Arthritis), ... (Rheumatism), ... (Sciatica), ... (Indigestion), ... (Heart Burning) ... (Constipation), ... (Piles) ... (Haemorrhoids), ... (Flatulence), ... (Jaundice), ... (Hepatitis), ... (Hernia), ... (Blood Presure High or Low), ... (Obesity), ... (Migraine), ... (Hair Falling) ... (Alopecia), ... (Acne), ... (Pigmentation), ... (Bleeding Gums & Pyorrhoea), ... (Tinnitis) ... (Vertigo), ... (Anaemia), ... (Neuralgia), ... (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS -** 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਣਾਅ, ਥਕਾਵਟ, ... ਡਿਪ੍ਰੈਸ਼ਨ ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
... (AZOOSPERMIA), ... (HYDROCELE), ... (GONORRHOEA), ... (PROSTATE GLAND) ... (SYPHILIS) ... (VARICOCELE) ...

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... FLAT ... TONED ... £69
ਨੁਸਖਾ ਨੰਬਰ 5 (IN CAPSULES) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... (VAGINAL LUBRICATION GEL / MAGIC) £49
ਨੁਸਖਾ ਨੰਬਰ 7 (IN CAPSULES) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

... (Dysmenorrhoea), ... (Atrophy of Mammae) ... (Mastitis), ... (Uterus) ... (Physometra) ... (Fibroid Uterine), ... (Diseases of Ovaries), ... (Ovarian Cysts), ... (Vaginimus), ... (Vaginitis), ... (Frigidity), ... (Prutitis), ... (Sterility), ... (Miscarriage) ... (Diseases of Post Partum) ... (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।
LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ... (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ... (Epilepsy) ...

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

PILAES (IN OINTMENT) ... £19
NURALACO (IN OINTMENT OR LOTION) ... £19
CHILLAGA (IN OINTMENT OR LOTION) ... £19
ARNSTRA (IN OINTMENT) ... (BED SORES) ... £19
BELINFLA (IN OIL OR OINTMENT) ... £19
BELULCE (IN OIL) ... ULCERS ... £19
BRYJOIN (IN OIL) ... £19
CALWOUN (IN OIL OR OINTMENT) ... £19
BURCAN (IN LOTION OR OINTMENT) ... £19
ROUTUM (IN OINTMENT) ... £19
JOINRHU (IN OIL) ... £19
ABSSIL (IN LOTION) ... £19
ITCSUL (IN OIL) ... £19
WARTHU (IN OIL) ... (WARTS) ... £19

* HOMOEOPATHIC HEALTH CLINIC ... (... £10 ...)

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਕਮਿਊਨਿਸਟ ਪਾਰਟੀ ਦੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਅਰਸੀ ਜੀ ਨੇ ਕੀਤੀ ਅਣ ਰਸਮੀ ਮੀਟਿੰਗ

**ਫ਼ਰੀਦਕੋਟ ( ਸ਼ਿਵਨਾਥ)** ਅੱਜ ਕਮਿਊਨਿਸਟ ਪਾਰਟੀ ਦੇ ਸਾਬਕਾ ਵਿਧਾਇਕ ਕਾਮ-ਰੇਡ ਹਰਦੇਵ ਅਰਸੀ ਜੀ ਵੱਲੋ ਪਾਰਟੀ ਦੇ ਸੀਨੀਅਰ ਅਹੁਦੇਦਾਰ ਤੇ ਮੈਬਰ ਸਹਿਬਾਨ ਨਾਲ ਅਣ ਰਸਮੀ ਮੀਟਿੰਗ ਸ਼ਹੀਦ ਕਾਮਰੇਡ ਅਮੋਲਕ ਭਵਨ ਫ਼ਰੀਦਕੋਟ ਵਿਖੇ ਕੀਤੀ ਗਈ।ਇਹ ਮੀਟਿੰਗ ਓਸ ਵਕਤ ਕੀਤੀ ਗਈ ਜਦੋ ਓਹ ਕਾਮਰੇਡ ਗੋਰਾ ਸਿੰਘ ਪਿਪਲੀ ਜੀ ਦੇ ਪਿਤਾ ਜੀ ਪਾਠ ਦੇ ਭੋਗ ਤੋ ਵਾਪਸ ਆਏ ਤੇ ਇਹ ਅਣ ਰਸਮੀ ਮੀਟਿੰਗ ਕੀਤੀ। ਓਨਾਂ ਪ੍ਰੈਸ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਕਮਿਊਨਿਸਟ ਪਾਰਟੀ ਵੱਲੋ 15 ਰੋਜਾ ਸਕੂਲਿੰਗ ਕੀਤੀ ਜਾਂਦੀ ਹੈ। ਜੋ ਕਿ ਫ਼ਰੀਦਕੋਟ ਵਿਖੇ 7 ਮਈ ਨੂੰ ਹੋਵੇਗੀ ਤੇ ਓਨਾਂ ਨੇ ਕਿਹਾ ਕਿ ਸਾਡੀ ਪਾਰਟੀ ਦੇ ਬੜੇ ਮਿਹਨਤੀ ਜੁਝਾਰੂ ਸਾਥੀ ਸ਼ਹੀਦ ਕਾਮਰੇਡ



ਅਮੋਲਕ ਸਿੰਘ ਜੋ ਕਿ ਆਤੰਕਵਾਦ ਦੌਰ ਵਿਚ ਆਤੰਕਵਾਦ ਦੇ ਭੇਂਟ ਚੜੇ , ਓਨਾਂ ਦੀ ਯਾਦ ਵਿਚ ਹਰ ਸਾਲ ਪਿੰਡ ਔਲਖ ਵਿਚ ਪਿੰਡ ਵਾਸੀਆਂ ਦੇ ਤੇ ਕਮਿਊਨਿਸਟ ਪਾਰਟੀ ਸਹਿਯੋਗ ਨਾਲ 7 ਜੂਨ ਨੂੰ ਓਨਾਂ ਦੀ ਬਰਸੀ ਮਨਾਈ ਜਾਂਦੀ ਹੈ ਤੇ ਓਨਾਂ ਨੂੰ ਸਰਧਾਂਜਲੀ ਭੇਟ ਕੀਤੀ ਜਾਂਦੀ ਹੈ।ਓਨਾਂ ਨੇ ਦੱਸਿਆ ਕਿ ਬਰਸੀ ਦੌਰਾਨ ਓਨਾਂ ਦੇ ਯਾਦਗਾਰੀ ਸਥਾਨ ਤੇ ਪਿੰਡ ਔਲਖ ਵਿਚ ਨਾਟਕ ਖੇਡੇ ਜਾਂਦੇ ਹਨ ਤੇ ਇਨਕਲਾਬੀ ਗੀਤ ਅਜੋਕੇ ਲੋਕ ਗਾਇਕਾ ਵੱਲੋ ਪੇਸ਼ ਕੀਤੇ ਜਾਂਦੇ ਹਨ। ਉਨਾਂ ਨੇ ਕਿਹਾ ਅੱਜ ਓਨਾਂ ਦੀ ਬਰਸੀ ਦੀ ਕਮਿਊਨਿਸਟ ਪਾਰਟੀ ਦੇ ਅਹੁਦੇਦਾਰਾਂ ਤੇ ਮੈਬਰ ਸਹਿਬਾਨ ਵੱਲੋ ਰੂਪ ਰੇਖਾ ਤਿਆਰ ਕੀਤੀ ਗਈ। ਇਸ ਸਮਾਗਮ ਨੂੰ ਵਧੀਆਂ ਢੰਗ ਨਾਲ ਕਰਵਾਉਣ ਲਈ ਕਮਿਊਨਿਸਟ ਪਾਰਟੀ ਦੇ ਵਰਕਰਾਂ ਦੀਆਂ ਜੁੰਮੇਵਾਰੀਆਂ ਲਗਾਈਆਂ ਗਈਆਂ ਹਨ।

ਇਸ ਸਮੇ ਸਮੇ ਕੁੱਲ ਹਿੰਦ ਕਿਸਾਨ ਯੂਨੀਅਨ ਦੇ ਜਿਲਾਂ ਪ੍ਰਧਾਨ ਕਾਮਰੇਡ ਸੁਖਜਿੰਦਰ ਸਿੰਘ ਤੂੰਬੜਭੰਨ, ਨਰੇਗਾ ਦੇ ਜਿਲਾਂ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ, ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ, ਬਲਕਾਰ ਸਿੰਘ ਸਹੋਤਾ, ਬੋਹੜ ਸਿੰਘ ਔਲਖ, ਗੁਰਦਰਸ਼ਨ ਸਿੰਘ ਸ਼ਰਮਾਂ, ਬਸੰਤ ਸਿੰਘ ਭਾਣਾ, ਸੁਖਮੰਦਰ ਸਿੰਘ ਢੁੱਡੀ ,ਗੁਰਦੀਪ ਸਿੰਘ ਦੀਪ ਸਿੰਘ ਵਾਲਾ, ਭੂਰੋ ਕੌਰ, ਰੁਪਿੰਦਰ ਕੌਰ ਔਲਖ,ਨਿੱਕਾ ਸਿੰਘ ਪਾਲੋ, ਗੁਰਜੰਟ ਸਿੰਘ ਕਿਲਾਂ ਨੌ , ਵੀਰਪਾਲ ਕੌਰ ਕਿਲਾਂ ਨੌ ਆਦਿ ਹਾਜ਼ਰ ਸਨ।

# ਬੱਚਿਆਂ ਵਿੱਚ ਖ਼ਤਰੇ ਦੇ ਚਿੰਨ੍ਹਾਂ ਨੂੰ ਪਛਾਨਣ ਦੀ ਲੋੜ 'ਤੇ ਜ਼ੋਰ ਦਿੱਤਾ ਜਾਵੇ : ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ

## ਆਮ ਆਦਮੀ ਕਲੀਨਿਕਾਂ ਦੇ ਮੈਡੀਕਲ ਅਫਸਰਾਂ ਦੀ ਨਿਊਬੋਰਨ ਕੇਅਰ ਮਡਿਊਲ ਸਬੰਧੀ ਟ੍ਰੇਨਿੰਗ ਆਯੋਜਿਤ

**ਨਵਾਂਸ਼ਹਿਰ, 28 ਅਪ੍ਰੈਲ (ਮਨੋਰੰਜਨ ਕਾਲੀਆ ) :** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੀ ਯੋਗ ਰਹਿਨੁਮਾਈ ਹੇਠ ਸਿਵਲ ਸਰਜਨ ਦਫਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਮੰਗਲਵਾਰ ਨੂੰ ਜ਼ਿਲ੍ਹੇ ਦੇ ਸਮੂਹ ਆਮ ਆਦਮੀ ਕਲੀਨਿਕਾਂ ਦੇ ਮੈਡੀਕਲ ਅਫਸਰਾਂ ਦੀ ਨਿਊਬੋਰਨ ਕੇਅਰ ਮਡਿਊਲ ਸਬੰਧੀ ਟ੍ਰੇਨਿੰਗ ਆਯੋਜਿਤ ਕੀਤੀ ਗਈ। ਇਸ ਮੌਕੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਨਵਜੰਮੇ ਬੱਚਿਆਂ ਦੀ ਸੰਭਾਲ ਸਿਹਤ ਸੇਵਾਵਾਂ ਦਾ ਇਕ ਮਹੱਤਵਪੂਰਨ ਹਿੱਸਾ ਹੈ ਅਤੇ ਇਸ ਸਬੰਧੀ ਸਹੀ ਜਾਣਕਾਰੀ ਅਤੇ ਸਮੇਂ-ਸਿਰ ਇਲਾਜ ਨਾਲ ਬੱਚਿਆਂ ਦੀ ਮੌਤ ਦਰ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਵਿੱਚ ਕੰਮ ਕਰ ਰਹੇ ਮੈਡੀਕਲ ਅਫਸਰਾਂ ਨੂੰ ਨਵਜੰਮੇ ਬੱਚਿਆਂ ਦੀ ਸੰਭਾਲ ਲਈ ਪੂਰੀ ਤਰ੍ਹਾਂ ਤਿਆਰ ਹੋਣਾ ਚਾਹੀਦਾ ਹੈ



ਤਾਂ ਜੋ ਹਰ ਇਕ ਬੱਚੇ ਨੂੰ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣ। ਉਨ੍ਹਾਂ ਨੇ ਕਿਹਾ ਕਿ ਬਾਲ ਮੌਤਾਂ ਨੂੰ ਰੋਕਣ ਲਈ ਬੱਚਿਆਂ ਵਿੱਚ ਖ਼ਤਰੇ ਦੇ ਚਿੰਨ੍ਹ ਪਛਾਨਣ ਦੀ ਲੋੜ 'ਤੇ ਜ਼ੋਰ ਦਿੱਤਾ ਜਾਵੇ। ਮਾਸਟਰ ਟ੍ਰੇਨਰ ਡਾ. ਸੁਕੰਦਾ ਰਾਣਾ, ਮੈਡੀਕਲ ਅਫਸਰ (ਪੈਡੀਅਟ੍ਰੀਸ਼ਨ) ਨੇ ਟ੍ਰੇਨਿੰਗ ਦੌਰਾਨ ਭਾਗੀਦਾਰਾਂ ਨੂੰ ਬਾਰੀਕੀ ਨਾਲ ਸਮਝਾਇਆ, ਜਿਸ ਨਾਲ ਉਨ੍ਹਾਂ ਦੀ ਜਾਣਕਾਰੀ ਵਿੱਚ ਹੋਰ ਵਾਧਾ ਹੋਇਆ। ਇਸ ਤੋਂ ਇਲਾਵਾ ਉਨ੍ਹਾਂ ਨੇ ਨਵਜੰਮੇ ਬੱਚਿਆਂ ਵਿੱਚ ਆਮ ਤੌਰ ‘ਤੇ ਹੋਣ ਵਾਲੀਆਂ ਬਿਮਾਰੀਆਂ ਦੀ ਪਹਿਚਾਣ ਅਤੇ ਉਨ੍ਹਾਂ ਦੇ ਸਮੇਂ-ਸਿਰ ਇਲਾਜ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਨਿਊਬੋਰਨ ਕੇਅਰ ਮਡਿਊਲ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਨਮ ਤੋਂ ਤੁਰੰਤ ਬਾਅਦ ਬੱਚੇ ਦੀ ਸੰਭਾਲ ਬਹੁਤ ਜ਼ਰੂਰੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਨਵਜਾਤ ਬੱਚੇ ਨੂੰ ਤੁਰੰਤ ਸੁੱਕਾ ਕੇ ਗਰਮ ਰੱਖਣਾ, ਮਾਂ ਦਾ ਦੁੱਧ ਪਹਿਲੇ ਘੰਟੇ ਅੰਦਰ ਸ਼ੁਰੂ ਕਰਵਾਉਣਾ ਅਤੇ ਸਫਾਈ ਦਾ ਖ਼ਾਸ ਧਿਆਨ ਰੱਖਣਾ ਬਹੁਤ ਲਾਜ਼ਮੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਰਾਮ ਸਿੰਘ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

# ਗੁਮੇਰਾਚਾ ਦਾ ਵਾਇਲਡਲਾਈਫ ਪਾਰਕ

ਇਹ ਦੱਖਣੀ ਐਡਿਲੀਡ ਦੀ ਬਹੁਤ ਹੀ ਰਮਣੀਕ ਤੇ ਕੁਦਰਤੀ ਨਜ਼ਾਰਿਆਂ ਭਰਪੂਰ ਜਗ੍ਹਾ ਹੈ ਜੋ ਐਡਿਲੀਡ ਦੀਆਂ ਪਹਾੜੀਆਂ ਤੇ ਸਥਿਤ ਹੈ। ਹੈਕਟੋਰਵਿਲਾ ਤੋਂ ਇਹ ਕੋਈ ਤੀਹ ਬੱਤੀ ਕਿੱਲੋਮੀਟਰ ਦੀ ਦੂਰੀ ਤੇ ਸਥਿਤ ਹੈ। ਇੱਥੇ ਪਹੁੰਚਣ ਲਈ ਸੱਪ ਵਾਂਗੂ ਮੇਲ੍ਹਦੀਆਂ ਸੜ੍ਹਕਾਂ ਦਾ ਨਜ਼ਾਰਾ ਤੁਹਾਡੀ ਰੂਹ ਨੂੰ ਖੁਸ਼ੀ ਦਿੰਦਾ ਹੈ। ਪਹਾੜਾਂ ਨੂੰ ਸਾਈਡਾਂ ਅਤੇ ਵਿਚਕਾਰੋਂ ਕੱਟਕੇ ਬਣਾਈਆਂ ਚੋੜੀਆਂ ਸੜਕਾਂ ਆਪਣੀ ਖੂਬਸੂਰਤੀ ਅਤੇ ਤਕਨੀਕੀ ਗਿਆਨ ਦਾ ਬਿਹਤਰੀਨ ਨਮੂਨਾ ਹਨ। ਪਹਾੜੀ ਇਲਾਕਾ ਹੋਣ ਕਰਕੇ ਇਥੋਂ ਦਾ ਮੌਸਮ ਬਹੁਤ ਰੋਮਾਂਟਿਕ ਹੁੰਦਾ ਹੈ। ਇੱਥੇ ਵਿਸ਼ਵ ਦਾ ਸਭ ਤੋਂ ਉੱਚਾ ਯਾਨੀ 'ਦ ਬਿਗ ਰੋਕਿੰਗ ਹਾਰਸ' ਹੈ। ਜੋ ਆਸਟਰੇਲੀਆ ਦੀਆਂ ਮਸ਼ਹੂਰ ਬਿਗ ਥਿੰਗਸ ਵਿਚੋਂ ਇੱਕ ਹੈ ਅਤੇ ਸੈਨਾਨੀਆਂ ਦੇ ਮਨ ਨੂੰ ਭਾਉਂਦਾ ਹੈ। ਇਸ ਹਾਰਸ ਦੀ ਉਚਾਈ ਕੋਈ ਸੱਠ ਫੁੱਟ ਹੈ। ਇਹ ਸਤਾਰਾਂ ਮੀਟਰ ਲੰਬਾ ਹੈ ਤੇ ਇਸ ਦਾ ਵਜ਼ਨ ਪੱਚੀ ਟਨ ਦੇ ਕਰੀਬ ਹੈ। ਇਸ ਘੋੜੇ ਨੂੰ ਮਜਬੂਤ ਆਧਾਰ ਦੇਣ ਲਈ ਲਗਭਗ ਅੱਸੀ ਟਨ ਕੰਕਰੀਟ ਵਰਤੀ ਗਈ ਸੀ। ਇਸ ਉੱਪਰ ਤਿੰਨ ਪਲੇਟ ਫਾਰਮ ਬਣੇ ਹਨ ਜਿਥੋਂ ਐਡਿਲੀਡ ਦੀਆਂ ਪਹਾੜੀਆਂ ਦੇ ਸੁੰਦਰਨਜ਼ਾਰੇ ਦਾ ਆਨੰਦ ਲਿਆ ਜਾ ਸਕਦਾ ਹੈ। ਇਸ ਤੇ ਚੜ੍ਹਨ ਦੀ ਮਮੂਲੀ ਜਿਹੀ ਟਿਕਟ ਵੀ ਹੈ। ਇਸ ਦੇ ਨਾਲ ਹੀ ਸੱਤ ਏਕੜ ਵਿੱਚ ਫੈਲਿਆ ਵਾਇਲਡਲਾਈਫ ਪਾਰਕ ਵੀ ਹੈ। ਜਿਸ ਵਿੱਚ ਲਾਲ ਅਤੇ ਸਲੇਟੀ ਕੰਗਾਰੂ, ਵਾਲਾਬੀ,



ਏਮੂ, ਛੋਟੀਆਂ ਬੱਕਰੀਆਂ, ਛੋਟੇ ਘੋੜੇ ਅਤੇ ਭੇਡਾਂ ਵੀ ਹਨ। ਸੈਨਾਨੀ ਇਹਨਾਂ ਨੂੰ ਆਪਣੇ ਹੱਥੀ ਦਾਣੇ ਚੁਗਾ ਸਕਦੇ ਹਨ। ਇੱਥੇ ਪਾਣੀ ਵਿੱਚ ਤਰਦੀਆਂ ਦੇਸੀ ਤੇ ਘਰੇਲੂ ਬਖ਼ਤਾਂ ਤੇ ਹੰਸ ਕਾਫੀ ਸੰਖਿਆ ਵਿੱਚ ਹਨ। ਮੋਰ ਅਤੇ ਕਈ ਹੋਰ ਪੰਛੀ ਆਜ਼ਾਦ ਘੁੰਮਦੇ ਨਜ਼ਰ ਆਉਂਦੇ ਹਨ। ਕਹਿੰਦੇ ਇਸ ਦੇ ਨੇੜੇ ਹੀ ਕੋਈ ਲੱਕੜੀ ਦੇ ਖਿਡੌਣੇ ਬਣਾਉਣ ਵਾਲੀ ਫੈਕਟਰੀ ਵੀ ਹੈ ਜੋ ਅਸੀਂ ਨਹੀਂ ਵੇਖੀ। ਸੈਨਾਨੀਆਂ ਦੇ ਬੈਠਣ ਲਈ ਬੈਂਚ, ਟੋਇਲਟਸ ਕੰਟੀਨ ਫ੍ਰੀ ਪਾਰਕਿੰਗ ਅਤੇ ਹੋਰ ਕਾਫੀ ਸਹੂਲਤਾਂ ਮੌਜੂਦ ਹਨ। ਕੰਗਾਰੂਆਂ ਨੂੰ ਨਜ਼ਦੀਕ ਤੋਂ ਦੇਖਣਾ ਸਾਡੇ ਲਈ ਬਹੁਤ ਵੱਡੀ ਗੱਲ ਸੀ। ਬੱਕਰੀਆਂ ਤੇ #ਭੇਡਾਂ ਤਾਂ ਸਾਡੇ ਪੰਜਾਬ ਵਿੱਚ ਹੀ ਵਾਧੂ ਹਨ।

**ਰਮੇਸ਼ ਸੇਠੀ ਬਾਦਲ**
**9876627233**

# 1997 ਬੈਚ ਦੇ IAS ਅਧਿਕਾਰੀ ਸ਼੍ਰੀ ਕ੍ਰਿਸ਼ਨ ਕੁਮਾਰ ਜੀ ਪੰਜਾਬ ਦੇ ਲੋਕਾਂ ਲਈ ਅੱਜ ਕਿਸੇ ਵਿਸ਼ੇਸ਼ ਜਾਣ-ਪਹਿਚਾਣ ਦੇ ਮੁਹਤਾਜ ਨਹੀਂ

1997 ਬੈਚ ਦੇ ਇਅਸ਼ ਅਧਿਕਾਰੀ ਸ਼੍ਰੀ ਕ੍ਰਿਸ਼ਨ ਕੁਮਾਰ ਜੀ ਪੰਜਾਬ ਦੇ ਲੋਕਾਂ ਲਈ ਅੱਜ ਕਿਸੇ ਵਿਸ਼ੇਸ਼ ਜਾਣ-ਪਹਿਚਾਣ ਦੇ ਮੁਹਤਾਜ ਨਹੀਂ।

ਗੱਲ ਸ਼ੁਰੂ ਕਰਦੇ ਹਾਂ ਬਾਬੇ ਨਾਨਕ ਦੇ "ਵੱਸਦੇ ਰਹੋ ਤੇ ਉੱਜੜ ਜਾਓ" ਦੇ ਸਿਧਾਂਤ ਤੋਂ। ਕਹਿੰਦੇ ਕੇਰਾਂ ਆਪਣੀਆਂ ਉਦਾਸੀਆਂ ਦੌਰਾਨ ਬਾਬਾ ਨਾਨਕ ਕਿਸੇ ਪਿੰਡ ਗਿਆ। ਨਾਲ ਉਹਨਾਂ ਦੇ ਭਾਈ ਮਰਦਾਨਾ ਵੀ ਸੀ। ਆਥਣੇ ਜਦੋਂ ਭਾਈ ਮਰਦਾਨੇ ਨਾਲ ਬਾਬਾ ਗਜਾ ਕਰਨ ਗਿਆ ਤਾਂ ਕਿਸੇ ਨੇ ਖ਼ੈਰ ਨੀ ਪਾਈ। ਉਲਟਾ ਬੋਲ-ਕੁਬੋਲ ਸੁਣਾਏ। ਬਾਬੇ ਨੇ ਉਨ੍ਹਾਂ ਨੂੰ "ਵੱਸਦੇ ਰਹੋ" ਦਾ ਬਚਨ ਦਿੱਤਾ ਤੇ ਅਗਲੇ ਪਿੰਡ ਨੂੰ ਚਾਲੇ ਪਾ ਦਿੱਤੇ। ਉੱਥੋਂ ਦਿਆਂ ਲੋਕਾਂ ਨੇ ਬਾਬੇ ਹੋਰਾਂ ਨੂੰ "ਹੱਥਾਂ ਤੇ ਚੁੱਕ ਲਿਆ"। ਖ਼ੂਬ ਸੇਵਾ ਤੇ ਆਓ ਭਗਤ ਕਰੀ। ਤੁਰਨ ਲੱਗਿਆਂ ਬਾਬੇ ਨੇ ਉਹਨਾਂ ਪਿੰਡ ਵਾਸੀਆਂ ਨੂੰ "ਉੱਜੜ ਜਾਓ" ਦਾ ਬਚਨ ਸੁਣਾਇਆ ਤੇ ਅਗਾਂਹ ਨੂੰ ਚਾਲੇ ਪਾ ਦਿੱਤੇ। ਇਹ ਵੇਖ ਕੇ ਭਾਈ ਮਰਦਾਨਾ ਬਹੁਤ ਹੈਰਾਨ-ਪ੍ਰੇਸ਼ਾਨ ਹੋਇਆ। ਚੁੱਪ ਰਿਹਾ ਪਰ ਅੰਦਰੋਂ ਘੁੱਟਿਆ-ਘੁੱਟਿਆ ਰਿਹਾ। ਬਾਬਾ ਤਾਂ ਜਾਣੀ-ਜਾਣ ਸੀ। ਪੁੱਛਣ ਲੱਗਾ, "ਮਰਦਾਨਿਆ ਕੀ ਹੋਇਆ?"। ਮਰਦਾਨਾ ਤਾਂ ਪਹਿਲਾਂ ਹੀ ਭਰਿਆ-ਪੀਤਾ ਸੀ। ਕਹਿੰਦਾ, "ਬਾਬਾ! ਆ ਕੌਤਕ ਸਮਝ ਨੀ ਆਇਆ! ਜਿਹਨਾਂ ਸੇਵਾ ਕਰੀ ਉਹਨਾਂ ਨੂੰ ਉੱਜੜ ਜਾਓ ਦਾ ਸਰਾਪ ਦੇ ਦਿੱਤਾ ਪਰ ਜਿਨ੍ਹਾਂ ਗਾਲ਼ਾਂ ਕੱਢੀਆਂ ਉਨ੍ਹਾਂ ਨੂੰ ਵੱਸਦੇ ਰਹੋ ਦਾ ਵਰ ਦੇ ਦਿੱਤਾ"। ਇਹ ਸੁਣ ਕੇ ਬਾਬਾ ਕਹਿੰਦਾ, "ਮਰਦਾਨਿਆ, ਪਹਿਲੇ ਸਨ ਬੁਰੇ ਲੋਕ, ਜਿੱਥੇ ਵੀ ਜਾਂਦੇ ਗੰਦ ਈ ਪਾਉਂਦੇ। ਇਸ ਕਰਕੇ ਉਨ੍ਹਾਂ ਨੂੰ ਵੱਸਦੇ ਰਹੋ ਕਹਿ ਦਿੱਤਾ ਪਰ ਦੂਜੇ ਨੇਕ ਤੇ ਭਲੇ ਸਨ। ਜਿੱਥੇ ਜਾਣਗੇ ਚੰਗਿਆਈ ਨਾਲ ਲੈ ਕੇ ਜਾਣਗੇ। ਇਸ ਕਰਕੇ ਉਨ੍ਹਾਂ ਨੂੰ ਉੱਜੜ ਜਾਓ ਕਹਿ ਦਿੱਤਾ"।

ਪੰਜਾਬ ਦਿਆਂ ਜੰਮਿਆਂ ਨੂੰ ਨਿੱਤ ਮੁਹਿੰਮਾਂ। ਕਿਤੇ ਕ੍ਰਿਸ਼ਨ ਕੁਮਾਰ ਜੀ ਦਾ ਜ਼ਿਕਰ ਹੋਇਆ ਤਾਂ ਇਹ ਪ੍ਰਸੰਗ ਯਾਦ ਆ ਗਿਆ। ਬਹੁਤਿਆਂ ਨੇ ਸੁਣਿਆ ਹੋਵੇਗਾ ਜਦੋਂ ਨਵਾਂਸ਼ਹਿਰ ਦੇ ਡਿਪਟੀ ਕਮਿਸ਼ਨਰ ਬਣ ਕੇ ਆਏ ਸਨ ਤਾਂ ਆਉਂਦਿਆਂ ਈ ਨਾਲ ਇੱਕ ਦੰਦ-ਕਥਾ ਜੁੜ ਗਈ। ਕਹਿੰਦੇ ਡੀ. ਸੀ. ਕ੍ਰਿਸ਼ਨ ਕੁਮਾਰ ਨੇ ਹੁਕਮ ਸੁਣਾ ਦਿੱਤਾ ਕਿ ਰਾਤ ਦੇ ਅੱਠ ਵਜੇ ਤੋਂ ਬਾਅਦ ਸ਼ਰਾਬ ਦੇ ਠੇਕੇ ਨਹੀਂ ਖੋਲਣੇ। ਹੁਕਮ ਦੀ ਤਾਮੀਲ ਹੋਈ ਜਾਂ ਨਹੀਂ, ਜਾਂਚ ਕਰਨ ਲਈ ਰਾਤ ਨੂੰ ਭੇਸ ਵਟਾ ਕੇ ਘੁੰਮਣ ਨਿਕਲ ਗਏ ਤੇ ਇੱਕ ਬੰਦ ਠੇਕੇ ਮੂਹਰੇ ਜਾ ਅਲਖ ਜਗਾਈ। ਅੱਗੋਂ ਕਰਿੰਦਾ ਵੀ ਹੁਕਮ ਦਾ ਪਾਬੰਦ ਨਿਕਲਿਆ। ਤਾਕੀ ਖੋਲੇ ਬਿਨਾਂ ਈ ਸ਼ੀਤ ਜਿਹੀ ਚੋਂ ਝਾਕ ਕੇ ਕਹਿੰਦਾ, "ਭਈਆ ਤੈਨੂੰ ਬੋਤਲ ਤਾਂ ਦੇ ਦਿੰਦਾ ਪਰ ਸਾਡੇ ਐਥੇ ਦਾ ਡੀ ਸੀ ਬੜਾ "...." ਏ, ਜੇ ਉਹਨੂੰ ਪਤਾ ਲੱਗ ਗਿਆ ਤਾਂ ਮੇਰੀ ਨੌਕਰੀ ਜਾਂਦੀ ਲੱਗਣੀ"। ਲਓ ਜੀ ਸਵੇਰੇ ਕਰਿੰਦਾ ਤਲਬ ਹੋ ਗਿਆ। ਜਦੋਂ ਸਾਹਮਣੇ ਰਾਤ ਵਾਲੇ ਆਮ ਜਿਹੇ ਮਜ਼ਦੂਰ ਨੂੰ ਕੁਰਸੀ ਤੇ ਬੈਠੇ ਵੇਖਿਆ ਤਾਂ ਲੱਗ ਗਿਆ ਥਰ-ਥਰ ਕੰਬਣ, ਮੁਆਫੀਆਂ ਮੰਗਣ। ਡੀ ਸੀ ਸਾਹਬ ਨੇ ਜੇਬ 'ਚੋਂ ਹਰੇ ਰੰਗ ਦਾ ਨੋਟ ਕੱਢ ਕੇ ਇਨਾਮ ਦਿੰਦਿਆਂ ਕਿਹਾ, "ਤੁਮਨੇ ਗਲਤ ਬੋਲਾ! ਕੋਈ ਬਾਤ ਨਹੀਂ! ਪਰ ਡਿਊਟੀ ਕਾ ਪਾਲਨ ਕੀਆ! ਯੇ ਆਪਕਾ ਇਨਾਮ ਹੈ!"। ਖ਼ੈਰ ਇਹ ਤਾਂ ਸੀ ਸੁਣੀ ਸੁਣਾਈ ਗੱਲ ਹੁਣ ਅੱਖੀਂ ਵੇਖੀ ਸੁਣੋ। ਸਵੇਰੇ ਛੇ-ਸੱਤ ਕੁ ਵਜੇ ਬਲਾਚੌਰ ਕਚਿਹਰੀਆਂ ਦੇ ਸਾਹਮਣੇ ਅੰਬੈਸਡਰ ਗੱਡੀ ਆ ਕੇ ਰੁਕੀ ਤੇ ਕਿਸੇ ਕੰਪਨੀ ਦੇ ਬੈਨਰ ਲਗਾਉਂਦੇ ਕਰਿੰਦਿਆਂ ਨੂੰ ਡੀ ਸੀ ਸਾਹਬ ਹੇਠਾਂ ਉੱਤਰ ਕੇ ਕਹਿੰਦੇ, "ਕਿਸ ਕੀ ਇਜਾਜ਼ਤ ਸੇ ਯੇ ਬੈਨਰ ਲਗਾ ਰਹੇ ਹੋ, ਉਤਾਰੋ ਇਸੇ"। ਗੱਲ ਬੈਨਰ ਉਤਾਰਨ ਦੀ ਨੀ, ਗੱਲ ਹੈ ਸਵੇਰੇ ਸੁਵੱਖਤੇ ਡਿਊਟੀ ਤੇ ਹਾਜ਼ਰ ਹੋਣ ਦੀ। ਇਵੇਂ ਹੀ ਇੱਕ ਵਾਰ ਮੇਰੇ ਦੇਖਣ ਅਨੁਸਾਰ ਕਚਿਹਰੀ ਦੇ ਨਾਲ ਬਣ ਰਹੀ ਵੱਡੀ ਗਲੀ ਦਾ ਕੰਮ ਰੁਕਵਾ ਦਿੱਤਾ। ਵਜ਼ਾਹ-ਘਟੀਆ ਮਟੀਰੀਅਲ ਦੀ ਵਰਤੋਂ ਹੋ ਰਹੀ ਸੀ। ਅੱਗੇ ਵਧਦੇ ਹਾਂ। ਡੀ ਸੀ ਬਣ ਕੇ ਆਉਣ ਤੋਂ ਬਾਅਦ ਉਨ੍ਹਾਂ ਨਵਾਂਸ਼ਹਿਰ ਦੀ ਦਿੱਖ ਹੀ ਬਦਲ ਦਿੱਤੀ। ਮਿੰਨੀ ਪਾਸਪੋਰਟ ਦਫਤਰ, ਹਰ ਤਹਿਸੀਲ 'ਚ ਨੰਬਰਾਂ ਵਾਲਾ ਅਤਿ ਆਧੁਨਿਕ ਸੇਵਾ ਕੇਂਦਰ ਅਤੇ ਸਭ ਤੋਂ ਅਹਿਮ ਗੱਲ ਮੁਲਾਜ਼ਮਾਂ ਨੂੰ ਸਮੇਂ ਤੇ ਡਿਊਟੀ ਤੇ ਹਾਜ਼ਰ ਹੋਣ ਦੇ ਹੁਕਮ। ਲੋਕ ਤਾਂ ਸੌਖੇ ਹੋਏ ਪਰ ਕੰਮ-ਚੋਰ ਮੁਲਾਜ਼ਮ ਔਖੇ ਹੋ ਗਏ। ਉੱਪਰੋਂ ਵੋਟਾਂ ਆ ਗਈਆਂ। ਸੁਣਨ ਅਨੁਸਾਰ ਮੁਲਾਜ਼ਮਾਂ ਦੀ ਕਿਸੇ ਜਥੇਬੰਦੀ ਨੇ ਅਕਾਲੀ ਦਲ ਦੇ ਉਮੀਦਵਾਰ ਕਰੀਹਾ ਸਾਹਬ ਅੱਗੇ ਮੰਗ ਰੱਖ ਦਿੱਤੀ ਕਿ ਵੋਟਾਂ ਪਾ ਦਿਆਂਗੇ ਪਰ ਸ਼ਰਤ ਇਹ ਏ ਕਿ ਡੀ ਸੀ ਦਾ ਤਬਾਦਲਾ ਕਰਨਾ ਪਊ। ਇਹੀ ਹੋਇਆ। ਕਰੀਹਾ ਸਾਹਬ ਜਿੱਤ ਗਏ ਤੇ ਜਿੱਤਣ ਤੋਂ ਬਾਅਦ ਪਹਿਲਾ ਕੰਮ ਆਪਣਾ ਵਚਨ ਨਿਭਾਉਣ ਦਾ ਕੀਤਾ। ਨਾਲ ਹੀ 'ਕਹਿਣੀ ਹੋਰ ਤੇ ਕਰਨੀ ਹੋਰ' ਲਈ ਜਾਣੇ ਜਾਂਦੇ ਬਾਦਲ ਸਾਹਬ ਦਾ ਥੋਥਾਪਣ ਵੀ ਸਾਹਮਣੇ ਆਇਆ। ਪੰਜਾਬ ਸਰਕਾਰ ਨੇ ਕ੍ਰਿਸ਼ਨ ਕੁਮਾਰ ਜੀ ਨੂੰ ਡੈਪੂਟੇਸ਼ਨ ਤੇ ਕੇਂਦਰ ਕੋਲ ਭੇਜ ਦਿੱਤਾ। ਖ਼ੈਰ ਜੋ ਹੋਇਆ ਚੰਗਾ ਹੀ ਹੋਇਆ। ਇੱਕ ਤਰਾਂ ਨਾਲ ਬੂਟਾ ਗਮਲੇ ਚੋਂ ਪੁੱਟ ਕੇ ਵੱਢੇ ਬਗੀਚੇ 'ਚ ਜਾ ਲੱਗਾ। ਉੱਥੇ ਵੀ ਉਹਨਾਂ ਨੇ ਆਪਣੇ ਚੰਗੇ ਕੰਮ ਜਾਰੀ ਰੱਖੇ। ਕੁਝ ਸਮੇਂ ਬਾਅਦ ਉਹ ਸਕੂਲ ਸਿੱਖਿਆ ਦੇ ਪ੍ਰਮੁੱਖ ਸਕੱਤਰ ਬਣ ਕੇ ਦੋਬਾਰਾ ਪੰਜਾਬ ਆ ਗਏ ਤੇ ਆਉਂਦਿਆਂ ਹੀ ਸਿੱਖਿਆ ਦੇ ਖੇਤਰ ਵਿੱਚ ਤਰਥੱਲੀ ਮਚਾ ਦਿੱਤੀ। ਬੰਦ ਹੋਣ ਦੀ ਕਗਾਰ ਤੇ ਪੁੱਜੇ ਸਰਕਾਰੀ ਸਕੂਲਾਂ ਵਿੱਚ ਨਵੀਂ ਰੂਹ ਅਤੇ ਜਾਨ ਫੂਕ ਦਿੱਤੀ। "ਪੜ੍ਹੋ ਪੰਜਾਬ" ਸਕੀਮ ਅਧੀਨ ਆਮ ਜਿਹੇ ਦਿਸਣ ਵਾਲੇ ਸਰਕਾਰੀ ਸਕੂਲਾਂ ਨੂੰ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ 'ਚ "ਸਮਾਰਟ ਸਕੂਲ" ਬਣਾ ਕੇ ਖੜੇ ਕਰ ਦਿੱਤਾ। ਨਿਕੰਮੇ ਤੇ ਕੰਮਚੋਰ ਅਧਿਆਪਕਾਂ ਨੂੰ ਵੀ ਚੰਗੇ ਤੇ ਮਿਹਨਤੀ ਬਣਨ ਦੀ ਚੇਟਕ ਲਾ ਦਿੱਤੀ। ਨਤੀਜਾ ਸਭ ਦੇ ਸਾਹਮਣੇ ਏ। ਅੱਜ ਉਨ੍ਹਾਂ ਸਕੂਲਾਂ 'ਚੋਂ ਕਈ ਗਰੀਬ ਘਰਾਂ ਦੇ ਬੱਚੇ ਪੜ੍ਹ-ਲਿਖ ਕੇ ਵੱਡੇ ਅਫਸਰ ਬਣ ਰਹੇ ਨੇ। ਇਸ ਤੋਂ ਬਾਅਦ ਉਹ ਕੁਝ ਦੇਰ (APEDA )'ਚ ਚੇਅਰਮੈਨ ਵੀ ਰਹੇ ਤੇ ਉਸ ਤੋਂ ਬਾਅਦ ਪ੍ਰਧਾਨ ਮੰਤਰੀ ਦਫ਼ਤਰ ਵਿੱਚ ਡਾਇਰੈਕਟਰ ਦੇ ਅਹੁਦੇ 'ਤੇ ਵੀ ਤਾਇਨਾਤ ਰਹੇ। ਇਸ ਤੋਂ ਬਾਅਦ ਉਹਨਾਂ ਨੂੰ ਦੋਬਾਰਾ ਪੰਜਾਬ ਲਿਆਂਦਾ ਗਿਆ ਤੇ ਜਲ ਸ੍ਰੋਤ ਵਿਭਾਗ ਵਿੱਚ ਪ੍ਰਮੁੱਖ ਸਕੱਤਰ ਦਾ ਅਹੁਦਾ ਦਿੱਤਾ ਗਿਆ ਤੇ ਇਸ ਦੇ ਨਾਲ ਹੀ ਕਰ ਵਿਭਾਗ ਦੇ ਵਿੱਤੀ ਕਮਿਸ਼ਨਰ ਦਾ ਵੀ ਵਾਧੂ ਚਾਰਜ ਦਿੱਤਾ ਗਿਆ। ਜਿੱਥੇ ਉਨ੍ਹਾਂ ਨੇ ਕਰ ਵਿਭਾਗ ਵਿੱਚ ਟੈਕਸ ਚੋਰੀ ਰੋਕਣ ਦੇ ਨਵੇਂ ਤਰੀਕੇ ਅਜ਼ਮਾਉਂਦਿਆਂ ਪੰਜਾਬ ਸਰਕਾਰ ਦਾ ਮਾਲੀਆ ਵਧਾਇਆ, ਉੱਥੇ ਨਹਿਰੀ ਵਿਭਾਗ ਵਿੱਚ ਰੁਕੀਆਂ ਹੋਈਆਂ ਨਹਿਰਾਂ ਚਾਲੂ ਕਰ ਕੇ ਸਰਕਾਰ ਦੇ ਨਹਿਰੀ ਸਿੰਜਾਈ ਪ੍ਰੋਗਰਾਮ ਨੂੰ ਅੱਗੇ ਵਧਾਇਆ ਜੋ ਹਾਲੇ ਵੀ ਬਦਸਤੂਰ ਜਾਰੀ ਹੈ। ਨਾਲ ਹੀ ਬਰਸਾਤ ਦੇ ਮੌਸਮ ਦੌਰਾਨ ਭਾਖੜੇ ਤੋਂ ਪਾਣੀ ਦੀ ਵੰਡ ਇਸ ਹਿਸਾਬ ਕਰੀ ਕਿ ਹੜ੍ਹਾਂ ਦੇ ਸੰਭਾਵੀ ਖ਼ਤਰੇ ਨੂੰ ਬਹੁਤ ਸੂਝ-ਬੂਝ ਤੇ ਕੁਸ਼ਲਤਾ ਨਾਲ ਟਾਲ ਦਿੱਤਾ। ਅੱਜ ਇੱਥੇ ਉਨ੍ਹਾਂ ਨੂੰ ਕੁਦਰਤੀ ਪਾਣੀਆਂ ਦੇ ਰਾਖੇ ਦੇ ਤੌਰ ਤੇ ਵੇਖਿਆ ਜਾ ਰਿਹਾ ਏ ਤੇ ਜੇ ਕੁਝ ਸਮਾਂ ਹੋਰ ਉਹ ਇਸ ਵਿਭਾਗ ਵਿੱਚ ਰਹਿ ਗਏ ਤਾਂ ਸਿੱਖਿਆ ਖੇਤਰ ਦੀ ਤਰਾਂ ਇੱਥੇ ਵੀ ਨਵੀਂ ਕ੍ਰਾਂਤੀ ਵੇਖਣ ਨੂੰ ਮਿਲੇਗੀ।

ਕ੍ਰਿਸ਼ਨ ਕੁਮਾਰ ਜੀ ਦਾ ਆਪਣੀ ਡਿਊਟੀ (ਕਰਤੱਵ) ਪ੍ਰਤੀ ਸਮਰਪਣ ਵੇਖੋ, ਜਦੋਂ ਹਰਿਆਣੇ ਨਾਲ ਤਕਰਾਰ ਦੇ ਚੱਲਦਿਆਂ ਪੰਜਾਬ ਦਾ ਪੱਖ ਰੱਖਣ ਦੀ ਵਾਰੀ ਆਈ ਤਾਂ (BBMB) ਦੇ ਹੋਰ ਅਫਸਰਾਂ ਨੂੰ ਆਪਣੀਆਂ ਦਲੀਲਾਂ ਨਾਲ ਹੀ ਚੁੱਪ ਕਰਾ ਦਿੱਤਾ। ਇਮਾਨਦਾਰੀ ਨਾਲ ਆਪਣੇ ਫਰਜ਼ ਨੂੰ ਅਹਿਮੀਅਤ ਦਿੱਤੀ, ਨਾ ਕਿ ਇਹ ਵੇਖਿਆ ਕਿ ਉਹ ਹਰਿਆਣੇ ਦੇ ਜੰਮ-ਪਲ ਨੇ। ਜੇਕਰ ਉਨ੍ਹਾਂ ਦੇ ਚੰਗੇ ਕੰਮਾਂ ਦੀ ਸੰਖੇਪ ਵਿੱਚ ਚਰਚਾ ਕਰੀਏ ਤਾਂ ਸਭ ਤੋਂ ਪਹਿਲਾਂ ਉਹਨਾਂ ਨੇ ਭਰੂਣ ਹੱਤਿਆ ਨੂੰ ਰੋਕਣ ਅਤੇ ਠੱਲ੍ਹ ਪਾਉਣ ਦੇ ਵਿੱਚ ਇੱਕ ਬਹੁਤ ਵੱਡੀ ਭੂਮਿਕਾ ਨਿਭਾਈ। "ਬੇਟੀ ਬਚਾਓ ਤੇ ਬੇਟੀ ਪੜ੍ਹਾਓ" ਮੁਹਿੰਮ ਨੂੰ ਐਸਾ ਹੁਲਾਰਾ ਦਿੱਤਾ ਕਿ ਆਪਣੇ ਇਸ ਕਾਰਜ ਕਰ ਕੇ ਉਹ ਵਿਸ਼ਵ ਪੱਧਰ 'ਤੇ ਛਾ ਗਏ। ਵਾਤਾਵਰਣ ਨੂੰ ਬਚਾਉਣ ਦੀ ਗੱਲ ਕਰੀਏ ਤਾਂ ਦਰੱਖਤਾਂ ਦੀ ਗਿਣਤੀ ਵਧਾਉਣ 'ਤੇ ਜ਼ੋਰ ਦਿੱਤਾ। ਲੋਕਾਂ ਨੂੰ ਦਲੀਲਾਂ ਨਾਲ ਸਮਝਾਇਆ ਕਿ ਰਵਾਇਤੀ ਫ਼ਸਲੀ ਚੱਕਰ ਛੱਡ ਕੇ ਦਰੱਖਤ ਲਾਓ ਅਤੇ ਆਪਣੀ ਆਮਦਨ ਵਧਾਓ। ਧਾਰਮਿਕ ਭਾਵਨਾ ਅਤੇ ਸ਼ਰਧਾ ਦਾ ਲਾਹਾ ਲੈਂਦਿਆਂ ਲੋਕਾਂ ਨੂੰ ਤ੍ਰਿਵੈਣੀਆਂ ਲਾਉਣ ਦੀ ਸਲਾਹ ਦਿੱਤੀ। ਪੰਜ ਤ੍ਰਿਵੈਣੀਆਂ ਲਗਾਉਣ ਵਾਲੇ ਲੋਕਾਂ ਨੂੰ ਸ਼ਾਬਾਸ਼ ਦੇ ਤੌਰ 'ਤੇ ਇਨਾਮ ਦੇ ਕੇ ਸਨਮਾਨਿਤ ਕੀਤਾ। ਜਦੋਂ ਉਨ੍ਹਾਂ ਨੇ ਵੇਖਿਆ ਕਿ ਸੜਕਾਂ 'ਤੇ ਜਾਂਦੀਆਂ ਰੇਤੇ, ਬਜਰੀ ਤੇ ਇੱਟਾਂ ਦੀਆਂ ਟਰਾਲੀਆਂ ਅਤੇ ਟਿੱਪਰਾਂ ਨਾਲ ਧੂੜ ਉੱਡਦੀ ਹੈ ਤੇ ਲੋਕਾਂ ਨੂੰ ਪ੍ਰੇਸ਼ਾਨੀ ਹੁੰਦੀ ਹੈ ਤਾਂ ਸਖ਼ਤ ਸਟੈਂਡ ਲੈਂਦਿਆਂ ਉਨ੍ਹਾਂ ਲੋਕਾਂ ਨੂੰ ਘੇਰ ਕੇ ਚਲਾਣ ਕਰਨੇ ਸ਼ੁਰੂ ਕਰ ਦਿੱਤੇ ਅਤੇ ਟਿੱਪਰ-ਟਰਾਲੀਆਂ ਢਕਣ ਲਈ ਮਜਬੂਰ ਕਰ ਦਿੱਤਾ। ਸ਼ਰਾਬ ਦੇ ਠੇਕਿਆਂ ਦਾ ਸਮਾਂ ਨਿਰਧਾਰਿਤ ਕਰਿਆ ਅਤੇ ਇਹ ਯਕੀਨੀ ਬਣਾਇਆ ਕਿ ਸਕੂਲ, ਕਾਲਜ ਜਾਂ ਹੋਰ ਵਿੱਦਿਅਕ ਸੰਸਥਾਵਾਂ ਤੋਂ ਇਹ ਠੇਕੇ ਇੱਕ ਉਚਿਤ ਦੂਰੀ 'ਤੇ ਹੋਣ। ਇਸ ਤੋਂ ਇਲਾਵਾ ਉਨ੍ਹਾਂ ਨੇ ਸਰਕਾਰੀ ਦਫ਼ਤਰਾਂ 'ਚ ਕੈਮਰੇ ਲਗਵਾਉਣ ਦੀ ਸ਼ੁਰੂਆਤ ਕਰੀ। ਜਿਸ ਦੀ ਵਜ੍ਹਾ ਨਾਲ ਕੰਮ ਦੀ ਸਪੀਡ ਵੀ ਵਧੀ ਤੇ ਰਿਸ਼ਵਤ ਨੂੰ ਵੀ ਠੱਲ੍ਹ ਪਈ। ਜ਼ਿਕਰਯੋਗ ਹੈ ਕਿ ਉਹ ਖੁਦ ਆਪਣੇ ਦਫ਼ਤਰ ਚ ਬੈਠ ਕੇ ਕੈਮਰੇ ਚੈੱਕ ਕਰਦੇ ਸਨ ਤੇ ਜਿੱਥੇ ਕਿਤੇ ਕੰਮ ਚ ਦੇਰੀ ਜਾਪਦੀ ਸੀ ਜਾਂ ਲਗਦਾ ਸੀ ਕਿ ਲੋਕਾਂ ਨੂੰ ਖੜਿਆਂ ਕਾਫੀ ਸਮਾਂ ਹੋ ਗਿਆ ਏ, ਝੱਟ ਆਪਣੀ ਗੱਡੀ ਲੈ ਕੇ ਉੱਥੇ ਜਾ ਰਹਿੰਦੇ ਸਨ।

ਜਿਵੇਂ ਕਹਿੰਦੇ ਆ ਕਿ ਚੰਨ 'ਤੇ ਵੀ ਦਾਗ ਹੁੰਦਾ ਏ। ਇਸੇ ਤਰਾਂ ਉਨ੍ਹਾਂ 'ਤੇ ਵੀ ਵਿਰਲੇ-ਟਾਵੇਂ ਇਲਜ਼ਾਮ ਲਗਦੇ ਰਹੇ ਨੇ। ਜਿਨ੍ਹਾਂ ਚੋਂ ਸਭ ਤੋਂ ਵੱਡਾ ਇਲਜ਼ਾਮ ਜਾਂ ਘਾਟ ਕਹਿ ਲਓ, ਕੁਝ ਲੋਕਾਂ ਅਨੁਸਾਰ ਉਹ ਪਹਿਲਾਂ ਆਏ ਬੰਦੇ ਦੀ ਵੱਧ ਸੁਣਵਾਈ ਕਰਦੇ ਸਨ। ਜਿਸ ਕਾਰਨ ਦੂਜੀ ਧਿਰ ਕਈ ਵਾਰ ਸੱਚੀ ਹੁੰਦਿਆਂ ਵੀ ਰਗੜੀ ਜਾਂਦੀ ਸੀ। ਕੁਝ ਲੋਕ ਇਹ ਵੀ ਕਹਿੰਦੇ ਨੇ ਕਿ ਉਹ ਲੁਕਵੇਂ ਢੰਗ ਨਾਲ ਰਿਸ਼ਵਤ ਲੈਂਦੇ ਸਨ।ਜੇਕਰ ਇਸ ਬਾਰੇ ਇਮਾਨਦਾਰੀ ਨਾਲ ਗੱਲ ਕਰੀਏ ਤਾਂ ਖੁਦ ਜਾਂ ਆਪਣੇ ਵਾਸਤੇ ਉਨ੍ਹਾਂ ਨੇ ਕਦੀ ਕਿਸੇ ਤੋਂ ਰਿਸ਼ਵਤ ਨੀ ਲਈ। ਹਾਂ ਕਿਸੇ ਸਰਦੇ-ਪੁੱਜਦੇ ਤੇ ਤਕੜੇ ਬੰਦੇ ਤੋਂ ਰੈੱਡ ਕ੍ਰਾਸ ਸੰਸਥਾ ਲਈ ਜਾਂ ਕਿਸੇ ਹੋਰ ਗਰੀਬ ਦੇ ਭਲੇ ਲਈ ਦਾਨ ਲਿਆ ਹੋਵੇ ਤਾਂ ਕਹਿ ਨੀ ਸਕਦੇ।

ਆਖਰ 'ਚ ਕਹਿਣਾ ਬਣਦਾ ਹੈ ਕਿ ਬਾਕੀ ਅਫਸਰਾਂ ਨੂੰ ਵੀ ਕ੍ਰਿਸ਼ਨ ਕੁਮਾਰ ਜਿਹੇ ਅਫਸਰਾਂ ਤੋਂ ਪ੍ਰੇਰਨਾ ਅਤੇ ਸੇਧ ਲੈਣ ਦੀ ਲੋੜ ਹੈ ਤਾਂ ਜੋ ਸਾਡਾ ਮੁਲਕ ਵੀ ਹੋਰ ਵਿਕਸਿਤ ਦੇਸ਼ਾਂ ਦੀ ਤਰਾਂ ਤਰੱਕੀ ਦੇ ਰਾਹ ਪੈ ਸਕੇ।



**ਗੁਰਜਿੰਦਰ ਸਿੰਘ ਸਾਹਦੜਾ**
9815302341

# ਖ਼ੁਦ ਨਾਲ ਲੜਨਾ ਛੱਡੋ

ਅੱਜ ਵਿਗਿਆਨ ਤਰੱਕੀਆਂ ਦੀ ਸਿਖਰਾਂ ਨੂੰ ਛੂਹ ਰਿਹਾ ਹੈ, ਦੁਨੀਆਂ ਵਿੱਚ ਨਵੀਨੀਕਰਨ ਹੋ ਰਿਹਾ ਹੈ, ਸੁੱਖ ਸਹੂਲਤਾਂ ਦੇ ਭੰਡਾਰ ਲੱਗੇ ਹੋਏ ਹਨ, ਐਸ਼ੋ ਇਸ਼ਰਤ ਦੀ ਹਰ ਸ਼ੈਅ ਮੌਜੂਦ ਹੈ ਪਰ ਫਿਰ ਵੀ ਮਨੁੱਖ ਦੁਖੀ ਹੈ, ਮਾਨਸਿਕ ਤਣਾਓ ਵਿੱਚ ਹੈ ,ਹਰ ਸਮੇਂ ਅੰਦਰੋਂ ਅੰਦਰ ਘੁਲਦਾ ਰਹਿੰਦਾ ਹੈ ਤੇ ਆਪਣੇ ਆਪ ਨਾਲ ਲੜਦਾ ਰਹਿੰਦਾ ਹੈ। ਇਸ ਤੋਂ ਉਲਟ ਜੇ ਅੱਧੀ ਕੁ ਸਦੀ ਪਿਛਾਂਹ ਨੂੰ ਝਾਤੀ ਮਾਰੀਏ ਤਾਂ ਮਨੁੱਖ ਦੀ ਜ਼ਿੰਦਗੀ ਵਿੱਚੋਂ ਅੱਜ ਵਾਲ਼ੀਆਂ ਸਾਰੀਆਂ ਐਸ਼ੋ ਇਸ਼ਰਤ ਦੀਆਂ ਚੀਜ਼ਾਂ ਅਤੇ ਸੁੱਖ ਸਾਧਨ ਮਨਫੀ ਹੋ ਜਾਣਗੇ ਪਰ ਮਨੁੱਖ ਦੀ ਮਾਨਸਿਕ ਖੁਸ਼ੀ ਅੱਜ ਨਾਲੋਂ ਕਈ ਗੁਣਾ ਵੱਧ ਨਜ਼ਰ ਆਵੇਗੀ। ਉਦੋਂ ਦਾ ਮਨੁੱਖ ਮਿਹਨਤਕਸ਼, ਗਰਮੀਆਂ ਦੀਆਂ ਧੁੱਪਾਂ, ਸਰਦੀਆਂ ਦੀਆਂ ਠੰਢਾਂ ਵਿੱਚ,ਪੈਦਲ ਤੁਰ ਕੇ,ਵਾਣ ਵਾਲੇ ਮੰਜਿਆਂ ਉੱਤੇ ਘਰੋੜੇ ਸੌਂ ਕੇ ਵੀ ਆਨੰਦਮਈ ਨੀਂਦ ਲੈਂਦਾ ਨਜ਼ਰ ਆਵੇਗਾ। ਅੱਜ ਘਰ ਵਿੱਚ ਏਸੀਆਂ ਦੀ ਠੰਢਕ ਵੀ ਉਸ ਦੇ ਦਿਮਾਗ਼ ਨੂੰ ਸ਼ਾਂਤ ਨਹੀਂ ਕਰ ਰਹੀ, ਵਾਹਨਾਂ ਦੀ ਸਵਾਰੀ ਕਰਕੇ ਵੀ ਉਹ ਮੀਲਾਂ ਤੁਰਨ ਵਾਲੇ ਵਿਅਕਤੀਆਂ ਤੋਂ ਵੱਧ ਅੱਕਿਆ ਤੇ ਥੱਕਿਆ ਹੋਇਆ ਨਜ਼ਰ ਆਉਂਦਾ ਹੈ। ਉਸ ਅੰਦਰ ਨਾਮੋਸ਼ੀ ਹੈ,ਉਸ ਅੰਦਰ ਅਸੰਤੁਸ਼ਟਤਾ ਹੈ, ਉਸ ਅੰਦਰ ਸਾੜਾ ਹੈ ਕਿਉਂਕਿ ਉਸ ਅੰਦਰ ਸਿਰਫ਼ ਨਿੱਜਤਾ ਹੈ ਜਿਸ ਕਰਕੇ ਉਸ ਦੀ ਸੋਚ ਦਾ ਦਾਇਰਾ ਸੁੰਗੜ ਗਿਆ ਹੈ। ਉਸ ਦੀ ਸੋਚ ਉਸ ਨੂੰ ਆਪਣੇ ਤੋਂ ਉੱਪਰ ਕੁਝ ਹੋਰ ਸੋਚਣ ਹੀ ਨਹੀਂ ਦਿੰਦੀ ਜਿਸ ਕਰਕੇ ਉਸ ਦੀ ਸੋਚ ਨੇ ਹੀ ਉਸ ਦੇ ਮਨ ਅੰਦਰ ਕਲੇਸ਼ ਪਾਇਆ ਹੋਇਆ ਹੈ । ਜਿਸ ਕਰਕੇ ਉਹ ਆਪਣੇ ਆਪ ਨਾਲ ਹੀ ਲੜਦਾ ਰਹਿੰਦਾ ਹੈ। ਅੱਜ ਦਾ ਮਨੁੱਖ ਆਪਣੀ ਗ਼ਰੀਬੀ ਤੋਂ ਘੱਟ ਦੁਖੀ ਹੈ ਪਰ ਦੂਜਿਆਂ ਦੀ ਅਮੀਰੀ ਉਸ ਨੂੰ ਬਹੁਤ ਸਤਾ ਰਹੀ ਹੈ। ਆਪਣੀ ਔਲਾਦ ਦੇ ਭਵਿੱਖ ਦੀ ਚਿੰਤਾ ਨਾਲੋਂ ਜ਼ਿਆਦਾ ਦੂਜਿਆਂ ਦੀ ਔਲਾਦ ਦੀ ਤਰੱਕੀ ਦਾ ਸਾੜਾ ਵੱਧ ਹੈ। ਆਪਣੇ ਘਰ ਦੀ ਛੱਤ ਦਾ ਆਨੰਦ ਲੈਣ ਦੀ ਬਜਾਏ ਦੂਜਿਆਂ ਦੀਆਂ ਕੋਠੀਆਂ ਉਸ ਦੀ ਸੋਚ ਦੇ ਰਸਤੇ ਘੇਰ ਕੇ ਖੜੀਆਂ ਹਨ। ਉਹ ਦੂਜਿਆਂ ਦੀ ਜਿੱਤ ਨੂੰ ਆਪਣੀ ਹਾਰ ਮੰਨਣ ਲੱਗ ਪਿਆ ਹੈ, ਦੂਜਿਆਂ ਦੀ ਖੁਸ਼ੀ ਉਸ ਅੰਦਰ ਉਦਾਸੀ ਪੈਦਾ ਕਰਦੀ ਹੈ। ਗੱਲ ਕੀ, ਅੱਜ ਮਨੁੱਖ ਕੋਲ ਸਭ ਕੁਝ ਹੁੰਦਿਆਂ ਹੋਇਆਂ ਵੀ ਸੋਚ ਪੱਖੋਂ ਗਰੀਬ ਹੋ ਗਿਆ ਹੈ। ਪ੍ਰਗਤੀ ਦੇ ਨਾਂ ਤੇ ਉਸ ਦੇ ਹਿੱਸੇ ਸਿਰਫ਼ ਮਾਨਸਿਕ ਉਲਝਣਾਂ ਹੀ ਆਈਆਂ ਹਨ। ਅੱਜ ਮਨੁੱਖ ਆਪਣੇ ਆਪ ਨਾਲ ਲੜਦਾ ਹੋਇਆ ਮਾਨਸਿਕ ਤੌਰ ਤੇ ਐਨਾ ਕਮਜ਼ੋਰ ਹੋ ਜਾਂਦਾ ਹੈ ਕਿ ਉਸ ਨੂੰ ਰਿਸ਼ਤਿਆਂ ਦੀ ਕਦਰ ਭੁੱਲ ਜਾਂਦੀ ਹੈ, ਆਪਣੀ ਅਨਮੋਲ ਜ਼ਿੰਦਗੀ ਦੀ ਕੀਮਤ ਨਜ਼ਰ ਨਹੀਂ ਆਉਂਦੀ, ਆਪਣੀ ਜ਼ਿੰਦਗੀ ਦੇ ਮਕਸਦ ਭੁੱਲ ਜਾਂਦਾ ਹੈ ਤੇ ਅਚਾਨਕ ਹੀ ਕਈ ਤਰ੍ਹਾਂ ਦੇ ਭਿਆਨਕ ਕਦਮ ਉਠਾ ਬੈਠਦਾ ਹੈ। ਉਦਾਹਰਣ ਵਜੋਂ ਇੱਕ ਬਾਪ ਨੇ ਆਪਣੇ ਤਿੰਨ ਸਾਲ ਦੇ ਇਕਲੌਤੇ ਪੁੱਤਰ ਨੂੰ ਇਸ ਲਈ ਮਾਰ ਦਿੰਦਾ ਹੈ ਕਿ ਉਹ ਵੀ ਕਿਤੇ ਵੱਡਾ ਹੋ ਕੇ ਉਸ ਵਾਂਗ ਦਿਹਾੜੀਦਾਰ ਨਾ ਬਣੇ,ਇਹ ਉਸ ਦੇ ਦਿਮਾਗ਼ ਅੰਦਰ ਚੱਲਦੀਆਂ ਸੋਚਾਂ ਦੀ ਲੜਾਈ ਦਾ ਹੀ ਤਾਂ ਨਤੀਜਾ ਸੀ। । ਜੇ ਕਿਤੇ ਉਹ ਆਪਣੀ ਪਤਨੀ ਨਾਲ ਇਸ ਬਾਰੇ ਗੱਲ ਕਰਦਾ ਤਾਂ ਹੋ ਸਕਦਾ ਉਹ ਉਸ ਨੂੰ ਹੌਂਸਲਾ ਦਿੰਦੀ ਕਿ ਉਹ ਉਸ ਨੂੰ ਪੜ੍ਹਾ ਲਿਖਾ ਕੇ ਉਸ ਦਾ ਭਵਿੱਖ ਉਸਾਰਨਗੇ ਤਾਂ ਉਸ ਦੀ ਆਪਣੀ ਦਿਮਾਗੀ ਲੜਾਈ ਖ਼ਤਮ ਹੋ ਕੇ ਸਾਕਾਰਾਤਮਕ ਸੋਚ ਪੈਦਾ ਹੁੰਦੀ। ਇੱਕ ਮਾਂ ਬਾਪ ਨੇ ਤਿੰਨ ਸਾਲ ਦੀ ਆਪਣੀ ਧੀ ਦੀ ਬੀਮਾਰੀ ਤੋਂ ਦੁਖੀ ਹੋ ਕੇ ਧੀ ਸਮੇਤ ਆਤਮਹੱਤਿਆ ਕਰ ਲਈ,ਡਟ ਕੇ ਹਿੰਮਤ ਨਾਲ ਮੁਸੀਬਤ ਦਾ ਸਾਹਮਣਾ ਕਰਕੇ ਬੱਚੇ ਦਾ ਇਲਾਜ ਕਰਵਾਉਣ ਦੀ ਥਾਂ ਆਤਮਹੱਤਿਆ ਦਾ ਰਾਹ ਚੁਣਨਾ ਕਿੰਨੀ ਵੱਡੀ ਕਾਇਰਤਾ ਹੈ। ਇਸੇ ਤਰ੍ਹਾਂ ਔਲਾਦ ਦੁਆਰਾ ਮਾਪਿਆਂ ਨੂੰ ਮਾਰ ਦੇਣਾ,ਭਾਈ ਭੈਣ ਨੂੰ ਜਾਂ ਭੈਣ ਭਰਾ ਨੂੰ ਜਾਂ ਫਿਰ ਇਸ ਤੋਂ ਵੀ ਵੱਧ ਦੂਜਿਆਂ ਨੂੰ ਮੁਸੀਬਤ ਵਿੱਚ ਪਾਉਣ ਖਾਤਰ ਕਿਸੇ ਦਾ ਵੀ ਨਾਂ ਲੈ ਕੇ ਆਤਮਹੱਤਿਆ ਕਰ ਲੈਣਾ। ਇਹ ਸਭ ਖ਼ੁਦ ਨਾਲ ਲੜਨ ਦੇ ਨਤੀਜੇ ਹੀ ਤਾਂ ਨਿਕਲ਼ਦੇ ਹਨ।

ਜਦੋਂ ਮਨੁੱਖ ਅੰਦਰ ਆਲ਼ੇ ਦੁਆਲ਼ੇ ਦੇ ਵਾਤਾਵਰਨ ਨੂੰ ਵੇਖ ਕੇ ਉਸ ਵਿੱਚੋਂ ਪੈਦਾ ਹੋਈਆਂ ਮਨ ਦੇ ਅੰਦਰ ਵਾਲ਼ੀਆਂ ਸੋਚਾਂ ਨੂੰ ਉਹ ਨਕਾਰਾਤਮਕ ਢੰਗ ਨਾਲ ਲੈਕੇ ਸੋਚਦਾ ਹੈ ਤਾਂ ਉਸ ਅੰਦਰ ਇਹ ਵਾਵਰੋਲਿਆਂ ਵਾਂਗ ਕੰਮ





ਕਰਦੀਆਂ ਹਨ। ਵਾਵਰੋਲੇ ਤਾਂ ਫਿਰ ਤਬਾਹੀ ਹੀ ਮਚਾਉਂਦੇ ਹਨ ਚਾਹੇ ਉਹ ਸੋਚਾਂ ਵਾਲੇ ਵਾਵਰੋਲੇ ਹੀ ਕਿਉਂ ਨਾ ਹੋਣ।ਆਓ ਆਪਾਂ ਗੱਲ ਕਰਦੇ ਹਾਂ ਕਿ ਸਾਡੇ ਅੰਦਰ ਇਹ ਨਾਕਾਰਾਤਮਕ ਸੋਚ ਪੈਦਾ ਹੀ ਕਿਉਂ ਹੁੰਦੀ ਹੈ?

ਅੱਜ ਮਨੁੱਖ ਦੇ ਦਿਮਾਗ਼ ਉੱਪਰ ਪਦਾਰਥਵਾਦੀ ਸੋਚ ਭਾਰੂ ਹੋਣ ਕਰਕੇ ਉਹ ਆਪਣੇ ਜਾਣ ਪਛਾਣ ਵਾਲਿਆਂ ਨਾਲ ਸਮਾਜਿਕ ਤੇ ਆਰਥਿਕ ਬਰਾਬਰੀ ਦੀ ਖਾਤਰ ਆਪਣੇ ਮਨ ਦੇ ਸੁੱਖ ਚੈਨ ਖੋ ਬੈਠਦਾ ਹੈ। ਉਸ ਦੀ ਸੋਚ ਉੱਤੇ ਆਪਣੇ ਆਪ ਨੂੰ ਅਤੇ 'ਸਟੇਟਸ ਸਿੰਬਲ' ਨੂੰ ਦੁਨੀਆਂ ਸਾਹਮਣੇ ਉੱਚਾ ਦਿਖਾਉਣ ਦੀ ਹੋੜ ਨੇ ਕਬਜ਼ਾ ਕਰ ਲਿਆ ਹੈ ਜਿਸ ਕਰਕੇ ਉਹ ਦੁਖੀ ਹੈ ਤੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਰਹਿਣ ਲੱਗ ਪਿਆ ਹੈ। ਇਸ ਪ੍ਰੇਸ਼ਾਨੀ ਦਾ ਹੱਲ ਵੀ ਉਸ ਕੋਲ ਹੀ ਹੈ। ਇਸ ਲਈ ਉਸ ਨੂੰ ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਖੁਸ਼ ਰੱਖਣ ਲਈ ਕੁਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਉਸ ਦੀ ਸੋਚਾਂ ਵਾਲ਼ੀ ਖਿੱਚੋਤਾਣ ਖਤਮ ਹੋ ਸਕੇ।

ਗੁਰੂ ਨਾਨਕ ਦੇਵ ਜੀ ਦਾ ਮਹਾਂ ਵਾਕ "ਮਨਜੀਤੇ ਜਗਜੀਤ " ਦਾ ਸਿਧਾਂਤ ਵੀ ਤਾਂ ਮਨ ਦੀ ਸ਼ਕਤੀ ਦਾ ਭਾਵ ਹੀ ਦਰਸਾਉਂਦਾ ਹੈ। ਇਹ ਤੁਕ 'ਜਪੁਜੀ ਸਾਹਿਬ ਦੀ 27ਵੀਂ ਪਉੜੀ ਵਿੱਚ ਦਰਜ ਹੈ। ਇਸ ਵਿੱਚ ਗੁਰੂ ਸਾਹਿਬ ਨੇ ਇਹੀ ਦੱਸਿਆ ਹੈ ਕਿ ਮਨੁੱਖ ਆਪਣੇ ਮਨ 'ਤੇ ਕਾਬੂ ਪਾ ਕੇ ਹੀ ਸਾਰੇ ਸੰਸਾਰ ਨੂੰ ਜਿੱਤ ਲੈਣ ਦੇ ਸਮਰੱਥ ਹੋ ਸਕਦਾ ਹੈ। ਇਸ ਦੇ ਲਈ ਮਨੁੱਖ ਨੂੰ ਆਪਣੀ ਸੋਚ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ। ਉਸ ਨੂੰ ਆਪਣੀ ਸੋਚ ਨੂੰ ਆਪਣੇ ਵਸ ਵਿੱਚ ਕਰਨਾ ਪਵੇਗਾ ਨਾ ਕਿ ਖ਼ੁਦ ਨੂੰ ਸੋਚ ਦੇ ਵਸ ਕਰੇ।ਇਹ ਛੋਟੀ ਜਿਹੀ ਗੱਲ ਬਹੁਤ ਵੱਡੇ ਸਾਕਾਰਾਤਮਕ ਨਤੀਜੇ ਦੇ ਸਕਦੀ ਹੈ। ਮਨੁੱਖ ਨੂੰ ਆਪਣੀ ਸੋਚ ਨੂੰ ਬਦਲਣ ਲਈ ਹਰ ਵੇਲੇ ਆਪਣੀ ਸੋਚ ਵੱਲ ਧਿਆਨ ਦੇਣਾ ਪਵੇਗਾ। ਜਦੋਂ ਵੀ ਉਸ ਦੀ ਸੋਚ ਵਿੱਚ ਕ੍ਰੋਧ, ਈਰਖਾ,ਵੈਰ,ਵਿਰੋਧ ਜਾਂ ਫਿਰ ਬਦਲੇ ਦੀ ਭਾਵਨਾ ਉਤਪੰਨ ਹੋਣ ਲੱਗੇ ਉਸੇ ਸਮੇਂ ਆਪਣੀ ਸੋਚ ਨੂੰ ਉਧਰੋਂ ਹਟਾ ਕੇ ਕਿਸੇ ਚੰਗੇ ਕੰਮ ਜਾਂ ਮਕਸਦ ਵੱਲ ਲੈ ਕੇ ਜਾਵੇ। ਉਸ ਉੱਤੇ ਕੰਮ ਕਰਨਾ ਸ਼ੁਰੂ ਕਰੇ। ਮਨ ਵਿੱਚ ਆਈਆਂ ਬੁਰੀਆਂ ਸੋਚਾਂ ਨੂੰ ਵਾਰ ਵਾਰ ਸੋਚ ਕੇ ਲੱਕੜੀ ਦੇ ਘੁਣ ਵਾਂਗ ਵਧਣ ਤੋਂ ਰੋਕਿਆ ਜਾਵੇ। ਜਿਹੜੀਆਂ ਗੱਲਾਂ ਜਾਂ ਵਿਅਕਤੀ ਮਨ ਅੰਦਰ ਕ੍ਰੋਧ ਪੈਦਾ ਕਰਨ ਉਹਨਾਂ ਬਾਰੇ ਸੋਚਣਾ ਬਿਲਕੁਲ ਬੰਦ ਕਰ ਦੇਣਾ ਚਾਹੀਦਾ ਹੈ।

ਹਰ ਮਨੁੱਖ ਨੂੰ ਜ਼ਿੰਦਗੀ ਵਿੱਚ ਆਪਣੇ ਆਪ ਨੂੰ ਕਿਸੇ ਤੋਂ ਘੱਟ ਜਾਂ ਘਟੀਆ ਨਹੀਂ ਸਮਝਣਾ ਚਾਹੀਦਾ। ਜੇ ਆਰਥਿਕ ਤੌਰ ਤੇ ਸਥਿਤੀ ਮਜ਼ਬੂਤ ਨਹੀਂ ਤਾਂ ਵਿਚਾਰਕ ਸਥਿਤੀ ਐਨੀ ਮਜ਼ਬੂਤ ਕਰੋ ਕਿ ਹਰ ਕੋਈ ਤੁਹਾਡੇ ਵਿਚਾਰਾਂ ਦਾ ਕਾਇਲ ਹੋ ਜਾਵੇ। ਆਪਣੀ ਬੁੱਧੀ ਦੀ ਪ੍ਰਸ਼ੰਸਾ ਕਿਸੇ ਅਮੀਰੀ ਤੋਂ ਘੱਟ ਨਹੀਂ ਹੁੰਦੀ। ਜਿਹੜੇ ਲੋਕ ਹਮਦਰਦ ਬਣ ਕੇ ਕਮਜ਼ੋਰੀ ਨੂੰ ਵਾਰ ਵਾਰ ਸਾਹਮਣੇ ਲਿਆ ਕੇ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਹੋਣ ਤਾਂ ਉਹਨਾਂ ਤੋਂ ਕਿਨਾਰਾ ਕੀਤਾ ਹੀ ਠੀਕ ਹੁੰਦਾ ਹੈ। ਮਨੁੱਖ ਨੂੰ ਆਪਣੇ ਦਿਮਾਗ ਵਿੱਚ ਇਹ ਗੱਲ ਜਰੂਰ ਬਿਠਾ ਲੈਣੀ ਚਾਹੀਦੀ ਹੈ ਕਿ ਉਹ ਇੱਕ ਇਨਸਾਨ ਬਣ ਕੇ ਧਰਤੀ ਤੇ ਆਇਆ ਹੈ ਤਾਂ ਇਸ ਤੋਂ ਵੱਡੀ ਅਮੀਰੀ ਹੋਰ ਕੀ ਹੋ ਸਕਦੀ ਹੈ।ਜੇ ਮਨੁੱਖ ਆਪਣਿਆਂ ਨਾਲ ਪਿਆਰ ਅਤੇ ਸਤਿਕਾਰ ਵਧਾਉਣ ਦੀ ਕੋਸ਼ਿਸ਼ ਕਰੇਗਾ, ਆਪਣੇ ਦੁੱਖ਼ ਸੁੱਖ ਸਾਂਝੇ ਕਰਨ ਦੀ ਆਦਤ ਪਾਵੇਗਾ , ਦੂਜਿਆਂ ਦੇ ਦੁੱਖਾਂ ਨੂੰ ਵੰਡਾ ਕੇ ਖੁਸ਼ੀ ਹਾਸਲ ਕਰੇਗਾ, ਦੂਜਿਆਂ ਦੀ ਖੁਸ਼ੀ ਵਿੱਚ ਖੁਸ਼ੀ ਮਨਾਉਣ ਲੱਗ ਪਵੇਗਾ,ਰਾਤੋ ਰਾਤ ਸਫ਼ਲਤਾ ਹਾਸਲ ਕਰਨ ਦੀ ਬਜਾਏ 'ਸਹਿਜ ਪਕੇ ਸੋ ਮੀਠਾ ਹੋਇ' ਦੇ ਸਿਧਾਂਤ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਏਗਾ ਤਾਂ ਉਹ ਖ਼ੁਦ ਨਾਲ ਲੜਨਾ ਛੱਡ ਕੇ ਇੱਕ ਖੁਸ਼ਹਾਲ ਜੀਵਨ ਬਤੀਤ ਕਰਨ ਦੇ ਸਮਰੱਥ ਹੋ ਜਾਵੇਗਾ। ਇਸ ਤਰ੍ਹਾਂ ਕਰਨ ਲਈ ਆਪਣੀ ਨਕਾਰਾਤਮਿਕ ਸੋਚ ਨੂੰ ਵਾਰ ਵਾਰ ਦੂਰ ਭਜਾ ਕੇ ਸਕਾਰਾਤਮਕ ਸੋਚ ਮਨ ਵਿੱਚ ਪੈਦਾ ਕਰਨੀ ਪਵੇਗੀ ਬਿਲਕੁਲ ਉਸੇ ਤਰ੍ਹਾਂ ਜਿਵੇਂ ਇੱਕ ਗਾਰੇ ਨਾਲ ਭਰੇ ਕੱਚ ਦੇ ਗਿਲਾਸ ਨੂੰ ਵਗਦੇ ਸਾਫ਼ ਪਾਣੀ ਦੀ ਟੂਟੀ ਹੇਠ ਰੱਖ ਦਿਓਂਗੇ ਤਾਂ ਕੁਝ ਮਿੰਟਾਂ ਵਿੱਚ ਉਸ ਵਿੱਚੋਂ ਗਾਰਾ ਨਿਕਲ ਜਾਵੇਗਾ ਤੇ ਗਲਾਸ ਸਾਫ਼ ਪਾਣੀ ਨਾਲ ਭਰਿਆ ਨਜ਼ਰ ਆਵੇਗਾ। ਆਪਣੇ ਮੈਲ਼ੇ ਵਿਚਾਰਾਂ ਉੱਪਰ ਆਪਣੀ ਸਾਕਾਰਾਤਮਕ ਸੋਚ ਐਨੀ ਭਾਰੂ ਕਰ ਦੇਵੋ ਕਿ ਤੁਹਾਡੇ ਮਨ ਦੇ ਵਿਚਾਰਾਂ ਦੀ ਲੜਾਈ ਖ਼ਤਮ ਹੋ ਕੇ ਚੰਗੀ ਸੋਚ ਦੇ ਧਾਰਨੀ ਬਣ ਜਾਓ।



ਬਰਜਿੰਦਰ ਕੌਰ ਬਿਸਰਾਓ...
9988901324

# ਸੇਵਾ ਸੁਰਤਿ ਦੇ ਪਾਵਨ ਪੁੰਜ ਗੁਰੂ ਅਮਰਦਾਸ ਜੀ



ਗੁਰੂ ਅਮਰਦਾਸ ਜੀ ਪ੍ਰਕਾਸ਼ ਪੁਰਬ 30 ਅਪ੍ਰੈਲ

ਵਿਕਾਰ ਤੇ ਮਾਇਆ ਦੇ ਬੰਧਨ ਮਨ ਨੂੰ ਕਠੋਰ ਬਣਾ ਦਿੰਦੇ ਹਨ । ਸਚ ਜੋ ਪਰਮਾਤਮਾ ਦਾ ਪ੍ਰਗਟ ਰੂਪ ਹੈ, ਦੂਰ ਹੁੰਦਾ ਜਾਂਦਾ ਹੈ ।ਜੀਵਨ ਭਰਮਾਂ ਤੇ ਭਟਕਨ ਦਾ ਪ੍ਰਤੀਕ ਬਣ ਜਾਂਦਾ ਹੈ । ਪਰਮਾਤਮਾ ਦੀ ਮਿਹਰ ਹੀ ਇਸ ਹਨੇਰੇ ਭਰੀ ਅਵਸਥਾ ਤੋਂ ਉਬਾਰ ਕੇ ਚਾਨਣ ਵਿੱਚ ਲਿਆਉਣ ‘ਚ ਸਹਾਈ ਹੁੰਦੀ ਹੈ ੀ ਜੋ ਚਾਨਣ ਦੀ ਕਾਮਨਾ ਲੈ ਕੇ ਪਰਮਾਤਮਾ ਦੀ ਸ਼ਰਨ ‘ਚ ਆਇਆ , ਪਰਾਮਤਮਾ ਨੇ ਸਦਾ ਹੀ ਉਸ ਦੀ ਲਾਜ ਰੱਖੀ ਹੈ ੀ ਗੁਰੂ ਅਮਰਦਾਸ ਜੀ ਨੂੰ ਬਿਰਧ ਅਵਸਥਾ ਵਿੱਚ ਗੁਰੂ ਸ਼ਬਦ ਰਾਹੀਂ ਅੰਤਰ ਪ੍ਰੇਰਨਾ ਮਿਲੀ । ੬੧ ਵਰ੍ਹਿਆਂ ਤੋਂ ਭਟਕਦਾ ਮਨ ਗੁਰੂ ਅੰਗਦ ਸਾਹਿਬ ਦੇ ਪ੍ਰੇਮ ਵਿੱਚ ਸਿੰਝ ਕੇ ਸ਼ਾਂਤ ਹੋ ਗਿਆ . ਮਨ ਨਿਰਮਲ ਤੇ ਸਹਿਜ ਹੋ ਗਿਆ ।

ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ।

( ਪੰਨਾ ੨੬ )

ਮਨ ਦੀਆਂ ਤ੍ਰਿਸ਼ਨਾਵਾਂ , ਵਾਸਨਾਵਾਂ ਸੋਚ ਤੇ ਭਰੋਸੇ ਨੂੰ ਕਦੇ ਵੀ ਥਿਰ ਨਹੀ ਹੋਣ ਦਿੰਦਿਆਂ ੀ ਲੋਭ , ਕ੍ਰੋਧ , ਕਾਮ , ਮੋਹ ਵੱਸ ਜੀਵਨ ਕੂੜ੍ਹ ਕਿਰਿਆਵਾਂ ਨਾਲ ਭਰ ਜਾਂਦਾ ਹੈ ੀ ਗੁਰੂ ਅਮਰਦਾਸ ਜੀ ਨੇ ਵਚਨ ਕੀਤੇ ਕਿ ਮਨੁੱਖ ਦਾ ਭੇਖ ਭਾਵੇਂ ਧਰਮੀਆਂ ਵਾਲਾ ਹੁੰਦਾ ਹੈ ਪਰ ਮਨ ਕਪਟ ਨਾਲ ਭਰਿਆ ਹੁੰਦਾ ਹੈ ੀ ਮਨੁੱਖ ਭੋਗ ਵਿਲਾਸ ਦੇ ਜਿੰਨੇ ਵੀ ਸਾਧਨ ਸੰਚਿਤ ਕਰ ਲਵੇ , ਵਡਾ ਰਾਜ ਪਾਟ ਕਾਇਮ ਕਰ ਲਵੇ ਪਰ ਵਾਹਿਗੁਰੂ ਦੀ ਕਿਰਪਾ ਬਿਨਾ ਸੁੱਖ ਤੋਂ ਦੂਰ ਰਹਿੰਦਾ ਹੈ ੀ ਕਈ ਲੋਗ ਗ੍ਰੰਥ ਪੜ੍ਹ ਪੜ੍ਹ ਕੇ ਗਿਆਨੀ , ਵਿਦਵਾਨ ਸ੍ਰੇਸ਼ਟ ਧਰਮ ਚਰਚਾ ਕਰਨ ਲਾਇਕ ਤਾਂ ਹੋ ਜਾਂਦੇ ਹਨ ਮਨ ਅੰਦਰ ਲੋਭ , ਵਿਕਾਰਾਂ ਕਾਰਨ ਭਰਮਦੇ ਰਹਿੰਦੇ ਹਨ ਤੇ ਜੀਵਨ ਨਿਹਫਲ ਕਰਦੇ ਹਨ ।ੀ ਗੁਰੂ ਸਾਹਿਬ ਨੇ ਕਿਹਾ ਕਿ ਜਿਸ ਮਨ ਅੰਦਰ ਪਰਮਾਤਮਾ ਦੀ ਭਗਤੀ ਹੁੰਦੀ ਹੈ ਉਹ ਸਹਿਜ ਹੀ ਪਰਮਾਤਮਾ ਦੇ ਹੁਕਮ ਅੰਦਰ ਆ ਜਾਂਦਾ ਹੈ ੀ ਪਰਮਾਤਮਾ ਦੇ ਹੁਕਮ ਅੰਦਰ ਆਉਣਾ ਹੀ ਮਨ ਦੀ ਤਿਖ ਦਾ ਮਿੱਟ ਜਾਣਾ ਤੇ ਨਿਰਲੇਪ ਹੋ ਜਾਣਾ ਹੈ । ਗੁਰੂ ਅਮਰਦਾਸ ਜੀ ਲਗਾਤਾਰ ੧੨ ਸਾਲ ਤੱਕ ਗੁਰੂ ਅੰਗਦ ਸਾਹਿਬ ਦੀ ਦਿਨ ਰਾਤ ਸੇਵਾ ਵਿੱਚ ਰਤ ਰਹੇ । ਇਹ ਸੇਵਾ ਬਹੁਤ ਹੀ ਕਠਿਨ ਸੀ । ਉਨ੍ਹਾਂ ਨੂੰ ਲੋਕ ਉਪਹਾਸ ਦਾ ਪਾਤਰ ਵੀ ਬਣਨਾ ਪਿਆ । ਨਿਤ ਵਿਘਨ ਵੀ ਆਉਂਦੇ ਰਹੇ । ਪਰ ਗੁਰੂ ਅਮਰਦਾਸ ਜੀ ਕਦੇ ਵੀ , ਖਿਨ ਮਾਤਰ ਵੀ ਵਿਚਲਿਤ ਨਾ ਹੋਏ ੀ ਗੁਰੂ ਅੰਗਦ ਸਾਹਿਬ ਤੇ ਸਿੱਖ ਸੰਗਤ ਲਈ ਉਨ੍ਹਾਂ ਦਾ ਪ੍ਰੇਮ ਤੇ ਸਮਰਪਣ ਕਦੇ ਵੀ ਘੱਟ ਨਹੀ ਹੋਇਆ ਸਗੋਂ ਵੱਧਦਾ ਹੀ ਗਿਆ ੀ ਕਿਉਂਕਿ ਗੁਰ ਸ਼ਬਦ ਜਰੀਏ ਮਨ ਦੀ ਤਿਖ ਬੂਝ ਗਈ ਸੀ ੀ ਮਨ ਅੰਦਰ ਸਹਿਜ ਸੀ ਤੇ ਬਾਹਰ ਵੀ ਸਹਿਜ ਹੀ ਪਰਗਟ ਹੋ ਰਿਹਾ ਸੀ ੀ ਕਹਿੰਦੇ ਹਨ ਕਿ ਗੁਰੂ ਅੰਗਦ ਸਾਹਿਬ ਹਰ ਸਾਲ਼ ਆਪਨੇ ਸਿੱਖਾਂ ਦੀ ਸੇਵਾ ਤੇ ਭਗਤੀ ਤੇ ਪ੍ਰਸੰਨ ਹੋ ਸਿਰੋਪਾ ਵੰਡਿਆ ਕਰਦੇ ਸਨ ੀ ਗੁਰੂ ਅਮਰਦਾਸ ਜੀ ਉਸ ਸਿਰੋਪੇ ਨੂੰ ਕਦੇ ਵੀ ਸਿਰ ਤੋਂ ਨਾ ਉਤਾਰਦੇ ਤੇ ਉੱਪਰ ਮੁੜਾਸਾ ਬੰਨ ਲੈਂਦੇ ਸਨ ੀ ਲੋਗ ਉਨ੍ਹਾਂ ਬਾਰੇ ਤਰਹ ਤਰਹ ਦੀਆਂ ਗੱਲਾਂ ਕਰਦੇ ਪਰ ਆਪ ਸਦਾ ਸਹਿਜ ਰਹਿੰਦੇ . ਗੁਰਗੱਦੀ ਤੇ ਵਿਰ- ਾਜਮਾਨ ਹੋਣ ਤੱਕ ਆਪ ਦੇ ਸਿਰ ਤੇ ੧੨ ਸਿਰੋਪੇ ਬੰਨੇ ਜਾ ਚੁਕੇ ਸਨ ੀ ਇਹ ਲੋਗਾਂ ਨੂੰ ਵੱਡਾ ਭਾਰ ਲੱਗਦਾ ਸੀ ਪਰ ਗੁਰੂ ਅਮਰਦਾਸ ਸਾਹਿਬ ਲਈ ਇਹ ਆਨੰਦ ਤੇ ਮਾਨ ਦੀ ਪੰਡ ਸੀ . ਲੋਗਾਂ ਤੇ ਤਾਹਨੇ ਉਨ੍ਹਾਂ ਦੇ ਸਹਿਜ ਮਨ ਦੇ ਨੇੜੇ ਵੀ ਨਾ ਆ ਪਾਉਂਦੇ ੀ ਆਪ ਜਾਣਦੇ ਸਨ ਕਿ ਹੰਕਾਰ ਹੀ ਮਨ ਦੀ ਅਵਸਥਾ ਭੰਗ ਕਰਨ ਵਾਲਾ ਹੈ . ਹੰਕਾਰੀ ਮਨ ਦੀ ਭਗਤੀ ਪ੍ਰਵਾਨ ਨਹੀ ਹੁੰਦੀ ੀ

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ੀੀ

( ਪੰਨਾ ੫੬੦ )

ਹੰਕਾਰ ਹੀ ਵਾਦ ਵਿਵਾਦ ਤੇ ਕ੍ਰੋਧ ਦਾ ਜਨਕ ਹੈ ੀ ਵਿਕਾਰ ਵਿਹੀਨ ਮਨ ਹੀ ਪਰਮਾਤਮਾ ਦੀ ਭਗਤੀ ਜੋਗ ਬਣਦਾ ਹੈ । ਗੁਰੂ ਅਮਰਦਾਸ ਸਾਹਿਬ ਦਾ ਜੀਵਨ ਇਸ ਦੀ ਸਰੇਵ ਸ੍ਰੇਸ਼ਟ ਮਿਸਾਲ ਸੀ ੀ ਆਪ ਦਾ ਸਾਰਾ ਧਿਆਨ ਗੁਰੂ ਅੰਗਦ ਸਾਹਿਬ ਦੀ ਸੇਵਾ ਵਿੱਚ ਕੇਂਦ੍ਰਿਤ ਰਹਿੰਦਾ । ਕੋਈ ਕੀ ਕਹਿ ਰਿਹਾ ਹੈ , ਕੀ ਕਰ ਰਿਹਾ ਹੈ ਇਹ ਆਪ ਦੀ ਸੋਚ ਦਾ ਵਿਸ਼ਾ ਕਦੇ ਵੀ ਨਾ ਬਣਿਆ । ਆਪ ਸਾਰੀਆਂ ਨੂੰ ਖਿਮਾ ਕਰਦੇ ਰਹੇ ਤੇ ਮਨ ਅੰਦਰ ਪਰਮਾਤਮਾ ਲਈ ਪ੍ਰੇਮ ਦੇ ਰਸ ਨੂੰ ਗੂੜ੍ਹਾ ਤੋਂ ਗੂੜ੍ਹਾ ਕਰਦੇ ਗਏ ੀ ਗੂਰਗੱਦੀ ਤੇ ਵਿਰਾਜਮਾਨ ਹੋਣ ਤੋਂ ਬਾਅਦ ਵੀ ਗੁਰੂ ਅਮਰਦਾਸ ਸਾਹਿਬ ਨੂੰ ਕਈ ਅਨ ਸੁਖਾਵੀਆਂ ਸਥਿਤੀਆਂ ਦੇ ਦਰਪੇਸ਼ ਹੋਣਾ ਪਿਆ ਪਰ ਆਪ ਦਾ ਸਹਿਜ ਸਦਾ ਬਣਿਆ ਰਿਹਾ ੀ ਸਿੱਖ ਸੰਗਤਾਂ ਨੂੰ ਵੀ ਗੁਰੂ ਸਾਹਿਬ ਸਦਾ ਹੀ ਸਹਿਜ ਤੇ ਸਹਿਨਸ਼ੀਲ ਬਣੇ ਰਹਿਣ ਦੀ ਪ੍ਰੇਰਨਾ ਦਿੰਦੇ । ਗੁਰੂ ਅੰਗਦ ਸਾਹਿਬ ਦੇ ਹੁਕਮ ਅਨੁਸਾਰ ਗੁਰਗੱਦੀ ਤੇ ਆਸੀਨ ਹੋਣ ਤੋਂ ਬਾਅਦ ਆਪ ਗੋਇੰਦਵਾਲ ਸਾਹਿਬ ਆ ਗਏ ਸਨ । ਗੁਰੂ ਸਾਹਿਬ ਦੇ ਆਉਣ ਨਾਲ ਇਸ ਨਗਰ ਦੀ ਰੌਨਕ ਵੱਧ ਗਈ ੀ ਜਨ ਜੀਵਨ ਬੜਾ ਹੀ ਆਨੰਦਮਈ ਸੀ ੀ ਕੁੱਝ ਅਮੀਰ ਮੁਸਲਮਾਨ ਵੀ ਆ ਕੇ ਇੱਥੇ ਰਹਿਣ ਲੱਗ ਪਏ ੀ ਉਨ੍ਹਾਂ ਅੰਦਰ ਗੂਰੂ ਸਾਹਿਬ ਦਾ ਆਦਰ ਮਾਣ ਵੇਖ ਕੇ ਈਰਖਾ ਪੈਦਾ ਹੋ ਗਈ ੀ ਮੁਸਲਮਾਨਾਂ ਨੇ ਸਿੱਖਾਂ ਨੂੰ ਤੰਗ ਕਰਣਾ ਸ਼ੁਰੂ ਕਰ ਦਿੱਤਾ ੀ ਸਿੱਖ ਜਦੋਂ ਗੁਰੂ ਘਰ ਦੇ ਲੰਗਰ ਲਈ ਪਾਨੀ ਲੈ ਕੇ ਆਉਂਦੇ ਤਾਂ ਮੁਸਲਮਾਨਾਂ ਦੇ ਮੁੰਡੇ ਗੁਲੇਲਾਂ ਨਾਲ ਉਨ੍ਹਾਂ ਦੀਆਂ ਮਿੱਟੀ ਦੀਆਂ ਗਾਗਰਾਂ ਤੋੜ ਦਿੰਦੇ ਤੇ ਬਦਸਲੂਕੀ ਕਰਦੇ ੀ ਸਿੱਖਾਂ ਨੇ ਗੁਰੂ ਸਾਹਿਬ ਨੂੰ ਸ਼ਿਕਾਇਤ ਕੀਤੀ ੀ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸ਼ਾਂਤ ਕਰਦਿਆਂ ਚਮੜੇ ਦੀਆਂ ਮਸ਼ਕਾਂ ਵਰਤਨ ਲਈ ਕਿਹਾ ੀ ਮੁਸਲਮਾਨਾਂ ਦੇ ਬਦਦਿਮਾਗ ਮੁੰਡੇ ਤੀਰ ਮਾਰ ਕੇ ਮਸ਼ਕਾਂ ਨੂੰ ਵਿਨ੍ਹਨ ਲੱਗ ਪਏ । ਹੁਣ ਗੁਰੂ ਅਮਰਦਾਸ ਸਾਹਿਬ ਸਿੱਖਾਂ ਨੂੰ ਪਿੱਤਲ ਦੀਆਂ ਗਾਗਰਾਂ ਵਰਤਨ ਲਈ ਕਿਹਾ ੀ ਹੰਕਾਰੇ ਮੁਸਲਮਾਨ ਮੁੰਡੇ ਪਿੱਤਲ ਦੀਆਂ ਗਾਗਰਾਂ ਨੂੰ ਪੱਥਰ ਮਾਰ ਕੇ ਡੇਗਣ ਲੱਗ ਪਏ ੀ ਸਿੱਖਾਂ ਨੇ ਅੱਕ ਕੇ ਗੁਰੂ ਸਾਹਿਬ ਨੂੰ ਕਿਹਾ ਕਿ ਅਸੀਂ ਕਦੋਂ ਤੱਕ ਮੁਸਲਮਾਨਾਂ ਦੇ ਜੁਲਮ ਸਹਿਣ ਕਰਦੇ ਰਹਿਏ ੀ ਗੁਰੂ ਅਮਰਦਾਸ ਜੀ ਨੇ ਵਚਨ ਕੀਤੇ ਕਿ ਧਰਮੀਆਂ ਅੰਦਰ ਕਦੇ ਵੀ ਬਦਲੇ ਦੀ ਭਾਵਨਾ ਨਹੀ ਹੋਣੀ ਚਾਹੀਦੀ . ਸਦਾ ਸਬਰ , ਸੰਤੋਖ ਬਣਿਆ ਰਹਿਣਾ ਚਾਹੀਦੇ . ਸਿੱਖ ਸੰਗਤ ਗੁਰੂ ਸਾਹਿਬ ਦਾ ਹੁਕਮ ਮੰਨ ਸ਼ਾਂਤ ਰਹੀ ੀ ਬਾਅਦ ਵਿੱਚ ਅਜਿਹੇ ਹਾਲਾਤ ਬਣੇ ਕਿ ਮੁਸਲਮਾਨਾਂ ਦੀ ਈਰਖਾ ਤੇ ਬਦਦਿਮਾਗੀ ਨੂੰ ਸੰਨਿਆਸੀਆਂ ਤੇ ਫੌਜੀਆਂ ਤੋਂ ਕਰਾਰਾ ਜਵਾਬ ਮਿਲਿਆ ਤੇ ਉਹ ਸਾਰੇ ਕੈਦ ਕਰ ਲਏ ਗਏ ੀ ਉਨ੍ਹਾਂ ਦੇ ਘਰ ਮਿੱਟੀ ਵਿੱਚ ਮਿਲਾ ਦਿੱਤੇ ਗਏ . ਧਰਮੀ ਨੂੰ ਆਪਣਾ ਸਹਿਜ ਤੇ ਸੰਜਮ ਸਦਾ ਕਾਇਮ ਰੱਖਣਾ ਚਾਹੀਦੇ । ਇਹ ਉਸ ਦੀ ਭਗਤੀ ਦਾ ਅਹਿਮ ਹਿੱਸਾ ਹਨ ।

ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ ਅੰਮ੍ਰਿਤ ਨਾਮੁ ਭੁਗਤਿ ਪਾਈ ।

ਧਿਆਨ ਕਾ ਕਰਿ ਡੰਡਾ ਜੋਗੀ ਸਿੰਙੀ ਸੁਰਤਿ ਵਜਾਈ II ò II

ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ ਤਾ ਤੇਰੀ ਕਲਪਣਾ ਜਾਈ ੀੀ

ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ ਤਾ ਨਾਮੁ ਪਲੈ ਪਾਈ ੀੀ ੩ ੀੀ

( ਪੰਨਾ ੯੦੮ )

ਪੁਰਾਤਨ ਕਾਲ ਵਿੱਚ ਆਪਨੇ ਧਰਮੀ ਹੋਣ ਦਾ ਪ੍ਰਮਾਣ ਦੇਣ ਲਈ ਖਾਸ ਭੇਖ ਧਾਰਨ ਕਰਦੇ ਸਨ । ਆਪਨੇ ਭੇਖ ਕਾਰਨ ਹੀ ਉਹ ਧਰਮੀ ਹੋਣ ਦਾ ਸਨਮਾਨ ਪ੍ਰਾਪਤ ਕਰਦੇ ਸਨ । ਗੁਰੂ ਅਮਰਦਾਸ ਜੀ ਨੇ ਵਚਨ ਕੀਤੇ ਕਿ ਭੇਖ ਨਹੀ ਗੁਣ ਧਾਰਨ ਕਰਣਾ ਹੀ ਭਗਤੀ ਦਾ ਸੱਚਾ ਮਾਰਗ ਹੈ ੀ ਜੋਗੀ ਆਪਨੇ ਹੱਥ ਵਿੱਚ ਇੱਕ ਭਿਖਿਆ ਦਾ ਪਾਤਰ ਰੱਖਦੇ ਸਨ ਜਿਸ ਵਿੱਚ ਉਨ੍ਹਾਂ ਨੂੰ ਦਾਨ ਮਿਲਦਾ ਸੀ । ਗੁਰੂ ਸਾਹਿਬ ਨੇ ਕਿਹਾ ਕਿ ਸੱਚਾ ਪਾਤਰ , ਕਮੰਡਲ ਤਾਂ ਸਤ ਤੇ ਸੰਤੋਖ ਦਾ ਹੈ ਜਿਸ ਵਿੱਚ ਨਾਮ ਦੀ ਅੰਮ੍ਰਿਤਮਈ ਦਾਤ ਪ੍ਰਾਪਤ ਹੁੰਦੀ ਹੈ . ਸਤ ਤੇ ਸੰਤੋਖ ਬਿਨਾ ਭਗਤੀ ਨਹੀ ਹੋ ਸੱਕਦੀ । ਮਨ ਵੀ ਤਾਂ ਹੀ ਟਿਕਦਾ ਹੈ । ਮਨ ਅੰਦਰ ਸੰਤੋਖ ਤੇ ਸਹਿਜ ਹੋਵੇ ਤਾਂ ਹੀ ਸਾਰੇ ਭਰਮ ਜਾਂਦੇ ਹਨ ੀ ਮਨ ਅੰਦਰ ਤਾਂ ਦਰਅਸਲ ਨਾਮ ਹੀ ਹੈ ੀ ਮਨ ਪਰਮਾਤਮਾ ਦੀ ਭਾਵਨਾ ਲਈ ਹੀ ਹੈ . ਇਸ ਵਿੱਚ ਵਿਕਾਰਾਂ , ਮਾਇਆ ਲਈ ਕੋਈ ਜਗਹ ਨਹੀ ਹੈ । ਗੁਰੂ ਅਮਰਦਾਸ ਜੀ ਦੀ ਸਹਿਨਸ਼ੀਲਤਾ ਸੁਭਾਵਕ ਸੀ ੀ ਸਹਿਜ , ਸੰਤੋਖ , ਸੰਜਮ ਬਿਨਾ ਪਰਮਾਤਮਾ ਦਾ ਨਾਮ ਨਹੀ ਜਪਿਆ ਜਾ ਸਕਦਾ । ਗੁਰੂ ਅਮਰਦਾਸ ਜੀ ਨੇ ਇਸ ਨੂੰ ਜੀਵਨ ਅੰਦਰ ਵਰਤ ਕੇ ਵਿਖਾਇਆ । ਆਪ ਨੂੰ ਜਦੋਂ ਗੁਰੂ ਅੰਗਦ ਸਾਹਿਬ ਨੇ ਗੁਰਗੱਦੀ ਬਖਸ਼ੀ ਤਾਂ ਉਨ੍ਹਾਂ ਦੇ ਪੁੱਤਰ ਦਾਸੂ ਜੀ ਤੇ ਦਾਤੂ ਜੀ ਬਹੁਤ ਨਾਰਾਜ ਹੋਏ । ਇੱਕ ਵਾਰ ਕ੍ਰੋਧ ਨਾਲ ਭਰੇ ਦਾਤੂ ਜੀ ਨੇ ਗੁਰੂ ਅਮਰਦਾਸ ਜੀ ਨਾਲ ਬੇਅਦਬੀ ਦਾ ਵਿਉਹਾਰ ਕੀਤਾ ਤੇ ਉਨ੍ਹਾਂ ਦੇ ਆਸਨ ਤੇ ਬੈਠ ਗਏ ੀ ਗੁਰੂ ਅਮਰਦਾਸ ਜੀ ਪੂਰੀ ਤਰਹ ਸ਼ਾਂਤ ਬਣੇ ਰਹੇ ਤੇ ਦਾਤੂ ਜੀ ਨੂੰ ਖਿਮਾ ਕਰ ਦਿੱਤਾ । ਸਹਿਨਸ਼ੀਲਤਾ ਜਿਹੇ ਗੁਣਾਂ ਕਾਰਨ ਹੀ ਗੁਰੂ ਅਮਰਦਾਸ ਜੀ ਨੂੰ ਭਗਤੀ ਤੇ ਗੁਰੂ ਦੀ ਕਿਰਪਾ ਪ੍ਰਾਪਤ ਹੋਈ । ਆਪ ਗੁਰਗੱਦੀ ਤੇ ਆਸੀਨ ਹੋਏ । ਭੱਟ ਸਾਹਿਬਾਨ ਨੇ ਤਾਂ ਆਪ ਅੰਦਰ ਪ੍ਰਤੱਖ ਪਰਮਾਤਮਾ ਦੇ ਦਰਸ਼ਨ ਕੀਤੇ “ ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ “ ।



**ਡਾ. ਸਤਿੰਦਰ ਪਾਲ ਸਿੰਘ**
**ਈ - ੧੭੧੬ ,**
**ਰਾਜਾਜੀਪੁਰਮ**
**ਲਖਨਊ - ੨੨੬੦੧੭**
**ਈ ਮੇਲ -**
**akaalpurkh.7@gmial.com**

# (ਰਾਸ਼ਟਰੀ ਮਜ਼ਦੂਰ ਦਿਵਸ 'ਤੇ) ਚਾਨਣ ਮੁਨਾਰੇ

ਰਾਸ਼ਟਰੀ ਮਜ਼ਦੂਰ ਦਿਵਸ ਦੇ ਮੌਕੇ 'ਤੇ ਕਿਰਤੀ ਸ਼੍ਰੇਣੀ ਨੂੰ ਮੁਬਾਰਕਬਾਦ ਅਤੇ ਉਹਨਾਂ ਦੀ ਮਿਹਨਤ ਨੂੰ ਸਲਾਮ ਹੈ। ਜਿਸ ਇਨਸਾਨ ਨੂੰ ਸ਼ਰੀਰਕ ਬਲ ਦੁਆਰਾ ਉਸਾਰੂ ਮਿਹਨਤ ਕਰਨ ਦੇ ਇਵਜ ਵਿੱਚ ਮੁਦਰਾ ਜਾਂ ਵਸਤੂ ਦੇ ਰੂਪ ਵਿੱਚ ਮਿਹਨਤਾਨਾ ਮਿਲਦਾ ਹੈ, ਨੂੰ ਮਜ਼ਦੂਰ ਅਤੇ ਮਿਹਨਤਾਨੇ ਨੂੰ ਮਜ਼ਦੂਰੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਮਜ਼ਦੂਰ ਸ਼ਬਦ ਦੀ ਉਤਪਤੀ 'ਮੁਜ਼ਦ' ਸ਼ਬਦ ਤੋਂ ਹੋਈ ਹੈ ਜਿਸ ਦਾ ਅਰਥ ਹੈ 'ਉਜਰਤ' ਭਾਵ ਕਿਰਾਇਆ ਜਾਂ ਭਾੜਾ। ਕਿਸੇ ਕਾਰਜ ਦੇ ਬਦਲੇ ਮਿਹਨਤਾਨਾ ਪ੍ਰਾਪਤ ਕਰਨ ਵਾਲੇ ਨੂੰ 'ਮੁਜ਼-ਦਰ' ਕਿਹਾ ਜਾਂਦਾ ਹੈ ਜਿਹੜਾ ਸ਼ਬਦ ਸਮਾਂ ਪਾ ਕੇ 'ਮਜ਼ਦੂਰ' ਬਣ ਗਿਆ ਹੈ।

ਆਮ ਤੌਰ 'ਤੇ ਕਹਿ ਦਿੱਤਾ ਜਾਂਦਾ ਹੈ ਕਿ ਬੱਚੇ ਦੇਸ਼ ਦਾ ਭਵਿੱਖ ਹਨ। ਦੇਸ਼ ਦਾ ਵਰਤਮਾਨ ਇਹਨਾਂ ਕਿਰਤੀਆਂ, ਮੁਲਾਜ਼ਮਾਂ, ਨੀਤੀਵਾਨਾਂ ਦੇ ਨਾਲ-ਨਾਲ ਘਰੇਲੂ ਅਤੇ ਕੰਮਕਾਜੀ ਔਰਤਾਂ ਦੇ ਮੋਢਿਆਂ 'ਤੇ ਟਿਕਿਆ ਹੋਇਆ ਹੈ।

ਕੋਹਰਾ, ਧੁੰਦ, ਮੀਂਹ, ਲੂ ਆਦਿ ਕੋਈ ਵੀ ਮੌਸਮ ਹੋਵੇ, ਕਿਰਤੀ-ਮਜ਼ਦੂਰ ਆਪਣੇ ਸਾਇਕਲਾਂ ਰਾਹੀਂ ਕੰਮ ਤੇ ਜਾਂਦੇ ਤੇ ਵਾਪਿਸ ਆਉਂਦੇ ਵਿਖਾਈ ਦੇ ਜਾਂਦੇ ਹਨ। ਖੇਤੀਬਾੜੀ, ਉਦਯੋਗ, ਨਿਰਮਾਣ ਅਤੇ ਹੋਰ ਖੇਤਰਾਂ ਵਿੱਚ ਪਸੀਨਾ ਵਹਾਉਣ ਵਾਲੇ ਮਜ਼ਦੂਰਾਂ ਦਾ ਸਾਧਾਰਨ ਜਿਹਾ ਪਹਿਰਾਵਾ ਹੁੰਦਾ ਹੈ। ਸਾਇਕਲ ਦੇ ਹੈਂਡਲ ਨਾਲ ਥੈਲਾ ਲਮਕਿਆ ਹੁੰਦਾ ਹੈ। ਫਟੀਆਂ ਬਿਆਈਆਂ ਵਾਲ਼ੇ ਪੈਰ ਸਾਇਕਲ ਦੇ ਪੈਂਡਲ ਦੱਬਦੇ ਜਾ ਰਹੇ ਹੁੰਦੇ ਹਨ।

ਜੇ ਕਰ ਕਿਸੇ ਫੈਕਟਰੀ, ਨਿਰਮਾਣ ਸਥਾਨ ਜਾਂ ਕਿਸੇ ਹੋਰ ਮੁਕਾਮ 'ਤੇ ਨਿਯਮਤ ਰੁਜ਼ਗਾਰ ਨਹੀਂ ਹੈ ਤਾਂ ਸਹਿਰਾਂ-ਕਸਬਿਆਂ ਦੇ ਕੁਝ ਅਜਿਹੇ ਸਥਾਨਾਂ 'ਤੇ ਖੜ੍ਹੇ-ਬੈਠੇ ਵਿਖਾਈ ਦੇ ਜਾਂਦੇ ਹਨ ਜਿੱਥੋਂ ਕੋਈ ਇਨਸਾਨ ਜਾਂ ਠੇਕੇਦਾਰ ਆਪਣੇ ਨਾਲ ਕਿਸੇ ਮਜ਼ਦੂਰ ਨੂੰ ਕੰਮ ਕਰਵਾਉਣ ਲਈ ਲੈ ਜਾਂਦਾ ਹੈ। ਜਿੱਥੇ ਮਹਿਫ਼ਿਲਾਂ ਸਜਦੀਆਂ ਹਨ ਉਹਨਾਂ ਬੈਠਕਾਂ ਤੇ ਸੋਫਿਆਂ ਨੂੰ ਇਹਨਾਂ ਦੇ ਹੱਥਾਂ ਨੇ ਘੜਿਆ ਹੁੰਦਾ ਹੈ ਪਰ ਇਹਨਾਂ ਨੂੰ ਮਹਿਫ਼ਿਲਾਂ ਦਾ ਸ਼ਿੰਗਾਰ ਨਹੀਂ ਬਣਾਇਆ ਜਾਂਦਾ ਹੈ।

**ਕੋਠਾ ਉਸਰਿਆ ਤਰਖਾਣ ਵਿੱਸਰਿਆ**

ਕਰੰਡੀਆਂ, ਗਜ਼ਾਂ, ਕਹੀਆਂ, ਛੈਣੀਆਂ, ਸੱਬਲਾਂ, ਆਰੀਆਂ, ਰੰਦਿਆਂ ਵਾ਼ਲੇ, ਰੰਗਾਂ ਵਾਲੇ, ਮੰਡੀਆਂ ਦੇ ਪੱਲੇਦਾਰ, ਸੜਕਾਂ ਦੇ ਬੇਲਦਾਰ, ਸੜਕਾਂ ਵਾ਼ਲੇ, ਰਿਕਸ਼ਿਆਂ, ਰੇਹੜੇ, ਰੇਹੜੀਆਂ ਵਾ਼ਲੇ, ਪੰਡਾਲ ਸਜਾਵਣ ਵਾ਼ਲੇ, ਪੇਟ ਲਈ ਹੋਰਨਾਂ ਨੂੰ ਖਿਲਾਵਣ ਵਾ਼ਲੇ, ਹੱਥਾਂ ਵਾਂਗ ਘਸੇ ਹੋਏ ਕੱਪੜਿਆਂ ਵਾ਼ਲੇ, ਖਰਾਦ ਤੇ ਗੁਣੀਏ ਨਾ਼ਲ ਆਕਾਰ ਸੋਧਣ ਵਾ਼ਲੇ ਅਤੇ ਕਿੰਨੇ ਹੀ ਹੋਰ ਦਿਹਾੜੀ-ਦਾਰ, ਦਸਤਕਾਰ ਹਨ। ਇਹ ਸਾਰੇ ਮਿਹਨਤਕਸ਼ ਲੋਕ ਆਮ ਨਹੀਂ ਖਾਸ ਹੁੰਦੇ ਹਨ। ਪੰਜਾਬ ਦੇ ਪ੍ਰਖਿਆਤ ਕਵੀ ਪ੍ਰੋ : ਪੂਰਨ ਸਿੰਘ ਜੀ ਨੇ ਨੇ ਆਪਣੀ ਕਵਿਤਾ 'ਪੰਜਾਬ ਦੇ ਮਜੂਰ' ਰਾਹੀਂ ਮਿਹਨਤਕਸ਼ ਮਜ਼ਦੂਰਾਂ ਦਾ ਬਾ-ਕਮਾਲ ਸ਼ਾਬਦਿਕ ਚਿਤਰਨ ਕੀਤਾ ਹੈ":-

ਓਏ ! ਮਜੂਰ ਚੰਗੇ ਲੱਗਦੇ !  
ਨਿੱਕੇ ਨਿੱਕੇ ਖ਼ਿਆਲ ਇਨ੍ਹਾਂ ਦੇ,  
ਉਨ੍ਹਾਂ ਵਿਚ ਢਲੀਆਂ ਇਨ੍ਹਾਂ ਦੀਆਂ ਜ਼ਿੰਦਗੀਆਂ,  
ਸਾਦੇ ਸਾਦੇ ਚਿਹਰੇ, ਬੇਨਿਕਾਬ ਜਿਹੇ,  
ਨ ਛੁਪਦੇ ਨ ਛੁਪਾਂਦੇ ਕੁਝ ਆਪਣਾ।  
ਨੰਗੇ ਨੰਗੇ ਦਿਲ ਇਨ੍ਹਾਂ ਦੇ,  
ਭੋਲੇ ਭਾਲੇ ਲੋਕ ਤੇ ਆਲੀਆਂ ਭੋਲੀਆਂ ਗੱਲਾਂ।  
ਇਨ੍ਹਾਂ ਦੀ ਗ਼ਰੀਬੀ ਨਿੱਕੀ,  
ਇਨ੍ਹਾਂ ਦਾ ਸੰਤੋਖ ਵੱਡਾ,  
ਇਹ ਠੰਢੇ ਪਾਣੀ ਵਾਂਗ  
ਮੇਰੇ ਜੀ ਨੂੰ ਠਾਰਦੇ।

ਇਹ ਬੱਚਿਆਂ ਲਈ ਤੁਰਦੇ-ਫਿਰਦੇ ਚਾਨਣ-ਮੁਨਾਰੇ ਹੁੰਦੇ ਹਨ। ਇਹਨਾਂ ਨੂੰ ਵੇਖ ਕੇ ਬੱਚੇ ਮਹਿਸੂਸ ਕਰ ਸਕਦੇ ਹਨ ਕਿ ਮਨੁੱਖ ਨੂੰ ਵਿੱਦਿਆ ਦੀ ਕਿੰਨੀ ਲੋੜ ਹੈ। ਕੋਈ ਹੁਨਰ ਸਿੱਖਣ ਦੀ ਕਿੰਨੀ ਅਹਿਮੀਅਤ ਹੈ। ਜ਼ਿੰਦਗੀ ਜਿਊਣ ਤੇ ਹੰਢਾਉਣ ਲਈ ਹੁੰਦੀ ਹੈ, ਕੱਟੀ ਜਾਣ ਲਈ ਨਹੀਂ ਹੈ । ਕਿਸੇ ਕਾਰਨਵਸ਼ ਵਿੱਦਿਆ ਤੋਂ ਵਾਂਝੇ ਰਹਿ ਗਏ ਮਜ਼ਦੂਰ ਆਪਣੀਆਂ ਚੁੱਪ-ਚੁੱਪ ਅੱਖਾਂ ਨਾਲ ਬਾਲ-ਮਨਾਂ ਨੂੰ ਜਿਵੇਂ ਕਹਿ ਰਹੇ ਹੁੰਦੇ ਹਨ ਕਿ ਉਨ੍ਹਾਂ ਤੋਂ ਸਮਾਂ ਸੰਭਾਲ ਨਹੀਂ ਹੋਇਆ। ਸਮਾਂ ਰਹਿੰਦਿਆਂ ਪੜ੍ਹਾਈ ਮੁਕੰਮਲ ਨਹੀਂ ਕਰ ਪਾਏ ਜਾਂ ਕੋਈ ਹੱਥ-ਹੁਨਰ ਨਹੀਂ ਸਿੱਖ ਸਕੇ। ਹੁਣ ਮਹਿੰਗਾਈ ਦੇ ਜ਼ਮਾਨੇ ਵਿੱਚ ਬਹੁਤ ਔਖੀਆਈ ਨਾਲ ਆਪਣੇ ਪਰਿਵਾਰਾਂ ਸਹਿਤ ਜੀਵਨ ਵਸਰ ਕਰ ਰਹੇ ਹਨ। ਜੇ ਕਰ ਬੱਚੇ ਕਿਤਾਬਾਂ ਦਾ ਸਾਥ ਨਾ ਛੱਡਣ। ਵਧੀਆ ਪੜ੍ਹਾਈ ਕਰ ਕੇ ਕਿਸੇ ਹੁਨਰ ਦੇ ਧਾਰਨੀ ਬਣ ਜਾਣ ਤਾਂ ਆਰਥਿਕ ਪੱਖੋਂ ਉਹਨਾਂ ਦਾ ਭਵਿੱਖ ਸੁਰੱਖਿਅਤ ਹੈ। ਅੱਜ ਦੇ ਦਿਨ ਸਮੂਹ ਕਿਰਤੀ ਭਾਈਚਾਰੇ ਨੂੰ ਮੁਬਾਰਕਾਂ ਹਨ ।

ਤੂੰ ਮੱਘਦਾ ਰਹਿਣ ਵੇ ਸੂਰਜ  
ਕੰਮੀਆਂ ਦੇ ਵਿਹੜੇ  
(ਸੰਤ ਰਾਮ ਉਦਾਸੀ)

ਉਹਨਾਂ ਦੇ ਕੰਮ ਵਾ਼ਲੇ ਸਥਾਨਾਂ 'ਤੇ ਉਹਨਾਂ ਦੀ ਸੁਰੱਖਿਆ ਦਾ ਪ੍ਰਬੰਧ, ਨਿਯਮਾਂ ਅਨੁਸਾਰ ਨਿਰਧਾਰਿਤ ਕੰਮ ਦਾ ਸਮਾਂ, ਸਮੇਂ ਸਿਰ ਤੇ ਵਾਜਬ ਮਿਹਨਤਾਨਾ, ਬਾਲ ਮਜ਼ਦੂਰੀ ਅਤੇ ਬੰਧੂਆ ਮਜ਼ਦੂਰੀ 'ਤੇ ਮੁਕੰਮਲ ਰੋਕ ਅਤੇ ਸਿਹਤ ਸਹੂਲਤਾਂ ਯਕੀਨੀ ਹੋਣੀਆਂ ਚਾਹੀਦੀਆਂ ਹਨ। ਉਹਨਾਂ ਦੇ ਬੱਚਿਆਂ ਨੂੰ ਪੜ੍ਹਾਈ ਦੇ ਬਰਾਬਰ ਮੌਕੇ ਹੋਣ ਤਾਂ ਜੋ ਭਵਿੱਖ ਵਿੱਚ ਪਰਿਵਾਰ ਵਧੀਆ ਜੀਵਨ ਲਈ ਅਗਰਸਰ ਹੋ ਸਕੇ।



**ਮਨਜੀਤ ਸਿੰਘ ਬੱਧਣ**  
9417635053






# ਟਰੰਪ ਦੀ ਘਟਦੀ ਸਾਖ਼ ਤੇ ਆਪਣੇ ਹੀ ਜਾਲ ਵਿਚ ਫਸਣ ਵਾਲੀ ਕੂਟਨੀਤੀ

ਵਾਈਟ ਹਾਊਸ ਵਾਪਸੀ ਵੇਲੇ ਡੋਨਾਲਡ ਟਰੰਪ ਨੇ ਮਜ਼ਬੂਤ ਨੇਤ੍ਰਿਤਵ,ਵੱਧ ਰਹੀਆਂ ਕੀਮਤਾਂ ਤੇ ਕਾਬੂ ਅਤੇ ਕਿਸੇ ਵੀ ਤਰ੍ਹਾਂ ਦੀ ਯੁਧ ਕੂਟਨੀਤੀ ਤੋਂ ਦੂਰ ਰਹਿਣ ਦਾ ਵਿਦੇਸ਼ ਨੀਤੀ ਦਾ ਵਾਅਦਾ ਕੀਤਾ ਸੀ। ਪਰ ਅਪ੍ਰੈਲ 2026 ਤੱਕ ਬਣੀ ਤਸਵੀਰ ਇਸ ਤੋਂ ਉਲਟ ਦਿਖਦੀ ਹੈ। ਟੈਰਿਫ਼ਾਂ ਨੇ ਆਰਥਿਕ ਦਬਾਅ ਵਧਾਇਆ, ਇਰਾਨ ਨਾਲ ਟਕਰਾਅ ਨੇ ਫੈਸਲਾ ਕਰਨ ਦੀ ਸਮਰੱਥਾ ਉੱਤੇ ਸਵਾਲ ਖੜ੍ਹੇ ਕੀਤੇ, ਅਤੇ ਲਗਾਤਾਰ ਰਾਜਨੀਤਿਕ ਹੰਗਾਮਿਆਂ ਨੇ ਰਾਸਟਪਤੀ ਦੀ ਸਾਖ ਰੁੱਤਵੇ ਨਾਂ ਮਿੱਟੀ ਵਿੱਚ ਰੋਲ ਕੇ ਰੱਖ ਦਿੱਤਾ ਹੈ।

ਇਸ ਦੌਰ ਵਿੱਚ ਟਰੰਪ ਵੱਲੋਂ ਪੁਰਾਣੇ ਵਿਰੋਧੀਆਂ, ਖਾਸ ਕਰਕੇ ਬਰਾਕ ਓਬਾਮਾ, ਉੱਤੇ ਬੇਸਬੂਤ ਜਾਂ ਕਮਜ਼ੋਰ ਹੋਣ ਦੇ ਦੋਸ਼ ਲਗਾਉਣ ਦੀ ਰੀਤ ਮੁੜ ਦਿਖੀ। ਨਾਲ ਹੀ, ਕਥਿਤ ਹਮਲਿਆਂ ਜਾਂ ਅਜੀਬ ਕਹਾਣੀਆਂ ਬਾਰੇ ਕਈ ਗੱਲਾਂ ਉਸ ਨੇ ਫੈਲਾਇਆ , ਪਰ ਜਨਤਕ ਸਬੂਤ ਹਰ ਵਾਰ ਨਾਲ ਨਹੀਂ ਸਨ। ਇਸ ਲਈ ਧਿਆਨ ਅਫਵਾਹਾਂ ਉੱਤੇ ਨਹੀਂ, ਸਗੋਂ ਦਰਜ ਪੈਟਰਨਾਂ ਉੱਤੇ ਰਹਿਣਾ ਚਾਹੀਦਾ ਹੈ, ਝੂਠੇ ਦਾਅਵੇ, ਧਿਆਨ ਭਟਕਾਉਣ ਦੀ ਰਾਜਨੀਤੀ, ਅਤੇ ਆਪਣੇ ਹੀ ਵਿਵਾਦਾਂ ਦਾ ਭਾਰ ਉਸ ਤੇ ਭਾਰੀ ਪੈ ਰਿਹਾ ਹੈ।

ਟਰੰਪ ਦੀ ਰਾਜਨੀਤਿਕ ਸ਼ੈਲੀ ਦਾ ਇਕ ਪੁਰਾਣਾ ਅੰਗ ਇਹ ਰਿਹਾ ਹੈ ਕਿ ਉਹ ਵੱਡੇ ਦਾਅਵੇ ਪਹਿਲਾਂ ਕਰਦੇ ਹਨ, ਸਬੂਤ ਬਾਅਦ ਵਿੱਚ ਲੱਭਦੇ ਹਨ, ਜਾਂ ਕਦੇ ਨਹੀਂ ਲੱਭਦੇ। ਓਬਾਮਾ ਉੱਤੇ ਕਈ ਵਾਰ ਗੰਭੀਰ ਕਿਸਮ ਦੇ ਦੋਸ਼ ਲੱਗੇ, ਜਾਸੂਸੀ ਤੋਂ ਲੈ ਕੇ ਰਾਜ-ਵਿਰੋਧੀ ਕੰਮਾਂ ਤੱਕ। ਪਰ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਉਹ ਭਰੋਸੇਯੋਗ ਆਧਾਰ ਨਹੀਂ ਿਮਿਲਆ ਜੋ ਐਸੇ ਇਲਜ਼ਾਮ ਮੰਗਦੇ ਹਨ। ਦੋਸ਼ ਭਾਰੀ ਸਨ, ਪਰ ਸਬੂਤ ਹਲਕੇ।

ਇਹ ਫਰਕ ਜਨਤਕ ਯਾਦ ਵਿੱਚ ਹੋਰ ਸਾਫ਼ ਦਿਖਦਾ ਹੈ। ਓਬਾਮਾ ਨਾਲ ਜੁੜਿਆ ਸਭ ਤੋਂ ਮਸ਼ਹੂਰ ਵਿਵਾਦ 'ਟਅਨ ਸੂਟਿ' ਸੀ, ਇਕ ਐਸਾ ਮੀਡੀਆ ਹੰਗਾਮਾ ਜਿਸਨੂੰ ਬਾਅਦ ਵਿੱਚ ਲੋਕ ਵਧੇਰੇ ਮਜ਼ਾਕ ਵਾਂਗ ਯਾਦ ਕਰਦੇ ਹਨ। ਇੱਥੇ ਹੀ ਤੁਲਨਾ ਆਪਣੀ ਤਾਕਤ ਪਾ ਲੈਂਦੀ ਹੈ। ਇਕ ਪਾਸੇ ਕੱਪੜੇ ਦਾ ਰੰਗ ਸੀ; ਦੂਜੇ ਪਾਸੇ ਸੱਤਾ, ਨਿੱਜੀ ਵਰਤਾਅ, ਅਤੇ ਕਾਨੂੰਨੀ ਹੱਦਾਂ ਬਾਰੇ ਲਗਾਤਾਰ ਸਵਾਲ ਹਨ।

ਓਬਾਮਾ ਦੌਰ ਦਾ ਉਹ ਕਥਿਤ ਵਿਵਾਦ ਅੱਜ ਵੀ ਇਸ ਲਈ ਯਾਦ ਹੈ ਕਿਉਂਕਿ ਉਹ ਅਸਲ ਸਕੈਂਡਲ ਨਹੀਂ ਸੀ। ਉਹ ਕੇਬਲ ਨਿਊਜ਼ ਦੀ ਅਤਿ-ਪ੍ਰਤੀਕਿਰਿਆ ਸੀ। ਇਸਦੇ ਮੁਕਾਬਲੇ ਟਰੰਪ ਦੌਰ ਵਿੱਚ ਗੰਭੀਰ ਕਿਸਮ ਦੇ ਦਾਅਵੇ, ਜਾਂਚਾਂ ਅਤੇ ਨੈਤਿਕ ਟਕਰਾਅ ਇੰਨੇ ਵਾਰ ਆਏ ਕਿ ਉਹ ਰੋਜ਼ਾਨਾ ਰਾਜਨੀਤੀ ਦਾ ਹਿੱਸਾ ਲੱਗਣ ਲੱਗੇ।

ਦੋਸ਼, ਧੂੰਆ, ਅਤੇ ਧਿਆਨ ਭਟਕਾਉਣਾ, ਟਰੰਪ ਦੀ ਪੁਰਾਣੀ ਚਾਲ ਰਹੀ ਹੈ

ਜਦੋਂ ਸਰਕਾਰ ਦਬਾਅ ਵਿੱਚ ਹੁੰਦੀ ਹੈ, ਪੁਰਾਣੇ ਵਿਰੋਧੀ ਸੁਵਿਧਾਜਨਕ ਨਿਸ਼ਾਨੇ ਬਣ ਜਾਂਦੇ ਹਨ। ਓਬਾਮਾ ਉੱਤੇ ਹਮਲੇ ਇਸੇ ਤਰ੍ਹਾਂ ਕੰਮ ਕਰਦੇ ਹਨ। ਧਿਆਨ ਮੌਜੂਦਾ ਮੁੱਦਿਆਂ ਤੋਂ ਹਟਦਾ ਹੈ, ਸੁਰਖੀਆਂ ਬਦਲਦੀਆਂ ਹਨ, ਅਤੇ ਹਮਦਰਦ ਸਮਰਥਕ ਮੁੜ ਇਕੱਠੇ ਹੋ ਜਾਂਦੇ ਹਨ। ਪਰ ਇਸ ਤਰੀਕੇ ਦੀ ਹੱਦ ਵੀ ਹੁੰਦੀ ਹੈ। ਜੇਕਰ ਹਰ ਦੋਸ਼ ਬਿਨਾ ਢਾਂਚੇ ਦੇ ਹੋਵੇ, ਲੋਕ ਆਖ਼ਰਕਾਰ ਦੋਸ਼ ਲਗਾਉਣ ਵਾਲੇ ਦੀ ਭਰੋਸੇਯੋਗਤਾ ਨੂੰ ਹੀ ਤੋਲਣ ਲੱਗਦੇ ਹਨ।

ਟਰੰਪ ਦੀ ਦੂਜੀ ਪਾਰੀ ਨੂੰ ਕਿਸੇ ਇਕ ਸਕੈਂਡਲ ਨੇ ਨਹੀਂ ਘੜਿਆ। ਇਸਨੂੰ ਲਗਾਤਾਰ ਆਉਂਦੇ ਵਿਵਾਦਾਂ ਦੀ ਲੜੀ ਨੇ ਪਰਿਭਾਸ਼ਿਤ ਕੀਤਾ। ਨੈਤਿਕ ਸਵਾਲ, ਕਾਨੂੰਨੀ ਖਿੱਚਤਾਣ, ਉੱਚ-ਪੱਧਰੀ ਬਰਖ਼ਾਸਤਗੀਆਂ, ਅਤੇ ਨਿੱਜੀ ਚਾਲਚਲਨ ਬਾਰੇ ਗਹਿਰੀਆਂ ਚਰਚਾਵਾਂ, ਇਹ ਸਭ ਪਿਛੋਕੜ ਦੀ ਸਥਾਈ ਆਵਾਜ਼ ਬਣ ਗਈਆਂ। ਰਾਜਨੀਤੀ ਵਿੱਚ ਕਈ ਵਾਰ ਘਟਨਾ ਨਾਲੋਂ ਪੈਟਰਨ ਵੱਧ ਭਾਰੀ ਹੁੰਦਾ ਹੈ। ਇੱਥੇ ਵੀ ਉਹੀ ਹੋਇਆ।

ਕਲਿੰਟਨ ਨਾਲ ਤੁਲਨਾ ਕਈ ਵਾਰ ਸਿਆਸੀ ਨਾਅਰੇ ਵਾਂਗ ਵਰਤੀ ਜਾਂਦੀ ਹੈ, ਪਰ ਇਸਦੀ ਥਾਂ ਲੋਕਧਾਰਣਾ ਵਿੱਚ ਹੈ। ਫਰਕ ਇਹ ਨਹੀਂ ਕਿ ਕਿਹੜੇ ਪਾਸੇ ਕਿੰਨੀਆਂ ਸੁਰਖੀਆਂ ਸਨ; ਫਰਕ ਇਹ ਹੈ ਕਿ ਕਿਸ ਪਾਸੇ ਵਿਵਾਦ ਲਗਾਤਾਰ ਅਤੇ ਅਥਾਹ ਲੱਗੇ। ਟਰੰਪ ਬਾਰੇ ਜਨਤਕ ਚਰਚਾ ਇਸ ਮਕਾਮ ਤੇ ਆ ਪੁੱਜੀ ਕਿ ਨਵਾਂ ਹੰਗਾਮਾ ਪੁਰਾਣੇ ਨੂੰ ਢੱਕ ਦਿੰਦਾ ਹੈ, ਪਰ ਮਿਟਾਉਂਦਾ ਨਹੀਂ।ਟਰੰਪ ਉੱਤੇ ਸਾਲਾਂ ਤੋਂ ਜਿਨਸੀ ਗਲਤਚਾਲ ਅਤੇ ਨਿੱਜੀ ਵਰਤਾਅ ਸੰਬੰਧੀ ਕਈ ਦੋਸ਼ ਲੱਗਦੇ ਰਹੇ ਹਨ। ਕੁਝ ਮਾਮਲੇ ਅਦਾਲਤਾਂ ਤੱਕ ਵੀ ਪਹੁੰਚੇ, ਅਤੇ ਕੁਝ ਨੇ ਸਿਰਫ਼ ਜਨਤਕ ਦਾਗ ਛੱਡਿਆ। ਹਰ ਦੋਸ਼ ਇਕੋ ਕੱਦ ਦਾ ਨਹੀਂ ਸੀ, ਪਰ ਇਕੱਠੇ ਹੋ ਕੇ ਇਹਨਾਂ ਨੇ ਇਕ ਚਿੱਤਰ ਬਣਾਇਆ, ਜਿਸ ਵਿੱਚ ਅਹੁਦੇ ਦੀ ਮਰਯਾਦਾ ਅਤੇ ਨਿੱਜੀ ਚਾਲਚਲਨ ਦੇ ਵਿਚਕਾਰ ਖੱਡ ਦਿਖੀ। ਇਸ ਲਗਾਤਾਰ ਮੌਜੂਦਗੀ ਨੇ ਰਾਜਨੀਤਿਕ ਥਕਾਵਟ ਪੈਦਾ ਕੀਤੀ।




ਇਹ ਟਰੰਪ ਯੁੱਗ ਦਾ ਕੇਂਦਰੀ ਪੈਟਰਨ ਹੈ। ਅੱਜ ਇਕ ਬਿਆਨ, ਕੱਲ੍ਹ ਇਕ ਬਰਖ਼ਾਸਤਗੀ, ਅਗਲੇ ਦਿਨ ਇਕ ਹੋਰ ਦੋਸ਼। ਇਸ ਗਤੀ ਨਾਲ ਜਵਾਬਦੇਹੀ ਸੁਸਤ ਹੋ ਜਾਂਦੀ ਹੈ। ਅਸਧਾਰਣ ਵਰਤਾਅ ਆਮ ਜਿਹਾ ਲੱਗਣ ਲੱਗਦਾ ਹੈ। ਇਹੀ ਸਭ ਤੋਂ ਵੱਡਾ ਨੁਕਸਾਨ ਹੈ, ਕਿਉਂਕਿ ਲੋਕ ਹੈਰਾਨ ਹੋਣਾ ਛੱਡ ਦਿੰਦੇ ਹਨ, ਅਤੇ ਸੱਤਾ ਆਪਣੇ ਲਈ ਨਵਾਂ ਮਿਆਰ ਬਣਾਉਣ ਲੱਗਦੀ ਹੈ।

ਟਰੰਪ ਦੀ ਘਟਦੀ ਸਿਆਸੀ ਪਕੜ, ਸਭ ਤੋਂ ਸਾਫ਼ ਤਸਵੀਰ ਹੁਣ ਆਰਥਿਕਤਾ ਅਤੇ ਵਿਦੇਸ਼ ਨੀਤੀ ਦੇ ਜੋੜ ਵਿੱਚ ਦਿਖਦੀ ਹੈ। ਰਿਪੋਰਟਾਂ ਮੁਤਾਬਕ ਨਵੇਂ ਟੈਰਿਫ਼ ਲਾਗੂ ਹੋਏ, ਅਤੇ ਉਨ੍ਹਾਂ ਦੇ ਕਾਨੂੰਨੀ ਅਧਿਕਾਰ ਉੱਤੇ 24 ਰਾਜਾਂ ਨੇ ਅਦਾਲਤੀ ਚੁਣੌਤੀ ਦਿੱਤੀ। ਇਹ ਸਿਰਫ਼ ਵਪਾਰਕ ਝਗੜਾ ਨਹੀਂ ਸੀ। ਇਸਦਾ ਸਬੰਧ ਰੋਜ਼ਾਨਾ ਕੀਮਤਾਂ, ਸਪਲਾਈ ਚੇਨ ਅਤੇ ਖਪਤਕਾਰ ਅਨਿਸ਼ਚਿਤਾ ਨਾਲ ਸੀ। ਜਿਸ ਨੇ ਮਹਿੰਗਾਈ ਘਟਾਉਣ ਦਾ ਦਾਅਵਾ ਕੀਤਾ ਸੀ, ਉਸਦੇ ਹੇਠ ਖ਼ਰਚੇ ਦੀ ਚਿੰਤਾ ਫਿਰ ਕੇਂਦਰ ਵਿੱਚ ਆ ਗਈ।

ਉਧਰ ਇਰਾਨ ਨਾਲ ਟਕਰਾਅ ਨੇ ਹੋਰ ਗੰਭੀਰ ਸਵਾਲ ਪੈਦਾ ਕੀਤੇ। ਫਰਵਰੀ 2026 ਦੇ ਹਮਲੇ ਤੋਂ ਬਾਅਦ ਹਾਊਸ ਵਿੱਚ ਹੋਰ ਕਾਰਵਾਈ ਰੋਕਣ ਦੀ ਕੋਸ਼ਿਸ਼ ਇਸ ਗੱਲ ਦਾ ਸੰਕੇਤ ਸੀ ਕਿ ਕਾਂਗਰਸ ਦੇ ਅੰਦਰ ਵੀ ਬੇਚੈਨੀ ਮੌਜੂਦ ਸੀ। ਵਾਈਟ ਹਾਊਸ ਵੱਲੋਂ ਜੰਗ, ਜਵਾਬੀ ਹਮਲਿਆਂ ਅਤੇ ਕਥਿਤ ਸੀਜ਼ਫਾਇਰ ਬਾਰੇ ਦਿੱਤੇ ਗਏ ਸੰਕੇਤ ਸਾਫ਼ੀ ਨਾਲੋਂ ਉਲਝਣ ਵਧਾਉਂਦੇ ਰਹੇ। ਇਸੇ ਵੇਲੇ, ਸਰਕਾਰ ਦੇ ਅੰਦਰੂਨੀ ਝਗੜੇ, ਅੰਸ਼ਕ ਸ਼ਟਡਾਊਨ, ਅਤੇ ਅਹੁਦਿਆਂ ਤੋਂ ਹਟਾਉਣ ਦੀ ਲੜੀ ਨੇ ਇਹ ਅਹਿਸਾਸ ਮਜ਼ਬੂਤ ਕੀਤਾ ਕਿ ਫ਼ੈਸਲਾ ਕਰਨ ਵਾਲਾ ਕੇਂਦਰ ਸਥਿਰ ਨਹੀਂ।

ਕੁਝ ਦੂਰ ਤੱਕ ਜਾਂਦੀਆਂ ਕਹਾਣੀਆਂ, ਜਿਵੇਂ ਨਿਊਕਲੀਅਰ ਕੋਡਾਂ ਉੱਤੇ ਅੰਦਰੂਨੀ ਰੋਕ ਜਾਂ ਚੀਨ ਯਾਤਰਾ ਨੂੰ ਲੈ ਕੇ ਫੈਲੀਆਂ ਅਜੀਬ ਦਾਅਵੇਦਾਰੀਆਂ, ਲਈ ਭਰੋਸੇਯੋਗ ਜਨਤਕ ਸਬੂਤ ਨਹੀਂ ਮਿਲੇ। ਇਸ ਲਈ ਉਹਨਾਂ ਨੂੰ ਹਕੀਕਤ ਨਹੀਂ ਕਹਿਆ ਜਾ ਸਕਦਾ। ਪਰ ਜਿੱਥੇ ਸਬੂਤ ਮੌਜੂਦ ਹਨ, ਉੱਥੇ ਤਸਵੀਰ ਕਾਫ਼ੀ ਹੈ: ਧ੍ਰੁਵੀਕ੍ਰਿਤ ਮਨਜ਼ੂਰੀ, ਵਧਦੀ ਨਾਰਾਜ਼ਗੀ, ਅਤੇ ਐਸੀ ਪ੍ਰਧਾਨਗੀ ਜੋ ਹਰੇਕ ਹੰਗਾਮੇ ਨਾਲ ਕੁਝ ਹੋਰ ਸਿਮਟਦੀ ਦਿਖਦੀ ਹੈ।

ਟੈਰਿਫ਼ ਵਾਈਟ ਹਾਊਸ ਲਈ ਰਾਸ਼ਟਰੀ ਸ਼ਾਨ ਦਾ ਸੰਕੇਤ ਹੋ ਸਕਦੇ ਹਨ, ਪਰ ਘਰਾਂ ਲਈ ਉਹ ਅਕਸਰ ਵੱਧ ਬਿੱਲਾਂ ਦੇ ਰੂਪ ਵਿੱਚ ਆਉਂਦੇ ਹਨ। ਜਦੋਂ ਕੀਮਤਾਂ ਚੁੱਭਣ, ਤਾਂ ਸਿਆਸੀ ਨਾਅਰੇ ਕਮਜ਼ੋਰ ਪੈਂਦੇ ਹਨ। ਟਰੰਪ ਨੇ ਤਾਕਤ ਦਾ ਵਾਅਦਾ ਕੀਤਾ ਸੀ; ਵੋਟਰਾਂ ਨੇ ਜੇਬ ਵਿੱਚ ਅਸਥਿਰਤਾ ਮਹਿਸੂਸ ਕੀਤੀ।

ਇਰਾਨ ਸੰਕਟ ਸਿਰਫ਼ ਫੌਜੀ ਮਾਮਲਾ ਨਹੀਂ ਸੀ। ਇਹ ਗਠਜੋੜਾਂ, ਭਰੋਸੇ ਅਤੇ ਅਮਰੀਕੀ ਫ਼ੈਸਲਿਆਂ ਦੀ ਬਰਕਰਾਰੀ ਅਤੇ ਚੌਧਰ - ਸ਼ਕਤੀ ਬਾਰੇ ਵੀ ਸੀ। ਜਦੋਂ ਸੁਨੇਹਾ ਘੁੰਮਿਆ-ਿਫਿਰਆ ਹੋਵੇ, ਸਾਥੀ ਚਿੰਤਤ ਹੁੰਦੇ ਹਨ ਅਤੇ ਵਿਰੋਧੀ ਹਿੰਮਤ ਪਾਉਂਦੇ ਹਨ। ਐਸੀ ਘੜੀ ਵਿੱਚ ਸ਼ੋਰ ਕਦੇ-ਕਦੇ ਰਾਜਨੀਤਿਕ ਢਾਲ ਬਣ ਜਾਂਦਾ ਹੈ, ਪਰ ਉਹ ਕਮਜ਼ੋਰ ਢਾ ਸਾਬਿਤ ਹੁੰਦੀ ਹੈ ਜਿਸ ਦੀ ਸ਼ੁਰੂਆਤ ਗਲਤ ਮਨਸੂਬਿਆ ਨਾਲ ਕੀਤੀ ਜਾਵੇ।

ਟਰੰਪ ਦੀ ਰਾਜਨੀਤੀ ਦਾ ਕੇਂਦਰ ਕਾਫ਼ੀ ਸਮੇਂ ਤੋਂ ਸ਼ੋਰ, ਦੋਸ਼ ਅਤੇ ਨਾਟਕੀ ਰਿਹਾ ਹੈ। ਇਹ ਤਰੀਕਾ ਸੁਰਖੀਆਂ ਉੱਤੇ ਕਬਜ਼ਾ ਕਰ ਸਕਦਾ ਹੈ, ਪਰ ਭਰੋਸਾ ਪੈਦਾ ਨਹੀਂ ਕਰਦਾ। ਜਦੋਂ ਆਰਥਿਕ ਦਬਾਅ, ਵਿਦੇਸ਼ੀ ਸੰਕਟ ਅਤੇ ਸਰਕਾਰੀ ਅਸਥਿਰਤਾ ਇਕੱਠੇ ਹੋ ਜਾਣ, ਤਾਂ ਇਹੀ ਤਰੀਕਾ ਆਪਣੀ ਹੱਦ ਦਿਖਾਉਂਦਾ ਹੈ।

8 ਅਪ੍ਰੈਲ ਤੋਂ ਬਾਅਦ ਅਮਰੀਕਾ ਅਤੇ ਈਰਾਨ ਵਿਚਕਾਰ ਕੋਈ ਸਿੱਧਾ ਟਕਰਾਅ ਨਹੀਂ ਹੋਇਆ ਹੈ। ਟਰੰਪ ਨੇ ਕਈ ਧਮਕੀਆਂ ਦੇ ਬਾਵਜੂਦ ਇਸਨੂੰ ਵਧਾ ਦਿੱਤਾ। ਇਸ ਤੋਂ ਪਤਾ ਚੱਲਿਆ ਕਿ ਤਣਾਅ ਦੇ ਬਾਵਜੂਦ, ਦੋਵੇਂ ਧਿਰਾਂ ਸ਼ਾਂਤੀ ਚਾਹੁੰਦੀਆਂ ਸਨ। ਹਾਲਾਂਕਿ, ਇਹ ਟਕਰਾਅ ਹੁਣ ਹੋਰਮੁਜ਼ ਜਲਡਮਰੂ ਦੀ ਨਾਕਾਬੰਦੀ ਰੂਪ ਵਿੱਚ ਇੱਕ ਨਵਾਂ ਰੂਪ ਧਾਰਨ ਕਰ ਚੁੱਕਾ ਹੈ, ਟਰੰਪ ਦੀ ਜ਼ਿੱਦ ਦੇ ਅੱਗੇ ਝੁਕ ਸਕਦਾ ਹੈ ਈਰਾਨ। ਅਜਿਹੀ ਸਥਿਤੀ ਵਿੱਚ, ਇੱਕੋ ਇੱਕ ਵਿਕਲਪ ਬਚਦਾ ਹੈ ਸ਼ਾਂਤੀ। ਤੇਲ ਅਤੇ ਕੁਦਰਤੀ ਗੈਸ ਬਾਰੇ ਅੰਤਰਰਾਸ਼ਟਰੀ ਊਰਜਾ ਏਜੰਸੀ ਦੀ ਚੇਤਾਵਨੀ, ਕਿ ਉਨ੍ਹਾਂ ਦੀ ਸਪਲਾਈ 2027 ਤੱਕ ਆਮ ਵਾਂਗ ਨਹੀਂ ਆਵੇਗੀ, ਯੁੱਧ ਦੇ ਗੰਭੀਰ ਨਤੀਜਿਆਂ ਦਾ ਸਿਰਫ਼ ਇੱਕ ਪਹਿਲੂ ਹੈ। ਇੱਕ ਲੰਮੀ ਰੁਕਾਵਟ ਇੱਕ ਵਿਸ਼ਵਵਿਆਪੀ ਮੰਦੀ ਵੱਲ ਲੈ ਜਾ ਸਕਦੀ ਹੈ, ਜਿਸਦੀ ਕੀਮਤ ਆਮ ਲੋਕਾਂ ਨੂੰ ਸਹਿਣੀ ਪਵੇਗੀ।

ਦੂਜੇ ਪਾਸੇ ਲਗਾਤਾਰ ਐਸੇ ਹੰਗਾਮੇ ਹਨ ਜਿਨ੍ਹਾਂ ਨੇ ਅਹੁਦੇ ਦੀ ਗੰਭੀਰਤਾ ਨੂੰ ਸ਼ਰਮ -ਸ਼ਾਰ ਕੀਤਾ ਹੈ । ਅਪ੍ਰੈਲ 2026 ਤੱਕ ਮੁੱਖ ਸਵਾਲ ਇਹ ਨਹੀਂ ਕਿ ਟਰੰਪ ਧਿਆਨ ਖਿੱਚ ਸਕਦਾ ਹੈ ਜਾਂ ਨਹੀਂ। ਸਵਾਲ ਇਹ ਹੈ ਕਿ ਕੀ ਧਿਆਨ ਹੀ ਸ਼ਾਸਨ ਦਾ ਬਦਲ ਬਣ ਸਕਦਾ ਹੈ।



**ਸੁਰਜੀਤ ਸਿੰਘ ਫਲੋਰਾ**
**SURJIT SINGH FLORA**
**6 Havelock Drive,**
**Brampton, ON**
**L6W 4A5 Canada**
**647-829-9397**

# ਜ਼ਿੰਦਗੀ ਖ਼ੂਬਸੂਰਤ ਹੈ।ਇਸ ਲਈ—ਚਿੰਤਾ ਛੱਡੋ, ਮੁਸਕਰਾਉਣਾ ਸਿੱਖੋ ਅਤੇ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਜੀਓ

ਅੱਜ ਦੇ ਆਧੁਨਿਕ ਯੁੱਗ ਵਿੱਚ ਮਨੁੱਖ ਨੇ ਤਕਨਾਲੋਜੀ, ਵਿਗਿਆਨ ਅਤੇ ਆਰਥਿਕ ਤਰੱਕੀ ਵਿੱਚ ਬੇਹੱਦ ਉੱਚਾਈਆਂ ਹਾਸਲ ਕੀਤੀਆਂ ਹਨ। ਪਰ ਇਸ ਤਰੱਕੀ ਦੇ ਨਾਲ-ਨਾਲ ਇੱਕ ਹੋਰ ਚੀਜ਼ ਵੀ ਤੇਜ਼ੀ ਨਾਲ ਵਧੀ ਹੈ—ਤਣਾਓ ਅਤੇ ਚਿੰਤਾ। ਹਰ ਮਨੁੱਖ ਆਪਣੇ ਜੀਵਨ ਵਿੱਚ ਕਿਸੇ ਨਾ ਕਿਸੇ ਦਬਾਅ ਦਾ ਸਾਹਮਣਾ ਕਰ ਰਿਹਾ ਹੈ। ਕੋਈ ਨੌਕਰੀ ਦੀ ਚਿੰਤਾ ਕਰਦਾ ਹੈ, ਕੋਈ ਪਰਿਵਾਰਕ ਜ਼ਿੰਮੇਵਾਰੀਆਂ ਦੀ, ਤੇ ਕੋਈ ਭਵਿੱਖ ਦੀ ਅਨਿਸ਼ਚਿਤਤਾ ਤੋਂ ਡਰਦਾ ਹੈ। ਇਨ੍ਹਾਂ ਸਭ ਦੇ ਵਿਚਕਾਰ ਅਸੀਂ ਅਕਸਰ ਇੱਕ ਬਹੁਤ ਮਹੱਤਵਪੂਰਨ ਗੱਲ ਭੁੱਲ ਜਾਂਦੇ ਹਾਂ—ਜ਼ਿੰਦਗੀ ਨੂੰ ਜੀਣਾ।

ਜ਼ਿੰਦਗੀ ਸਿਰਫ਼ ਸਾਂਸ ਲੈਣ ਦਾ ਨਾਮ ਨਹੀਂ ਹੈ; ਇਹ ਹਰ ਪਲ ਨੂੰ ਮਹਿਸੂਸ ਕਰਨ, ਖੁਸ਼ੀਆਂ ਨੂੰ ਸਾਂਝਾ ਕਰਨ ਅਤੇ ਆਪਣੇ ਅਸਤੀਤਵ ਨੂੰ ਸਮਝਣ ਦਾ ਨਾਮ ਹੈ। ਜਦੋਂ ਅਸੀਂ ਚਿੰਤਾ ਅਤੇ ਤਣਾਓ ਵਿੱਚ ਫਸ ਜਾਂਦੇ ਹਾਂ, ਤਾਂ ਅਸੀਂ ਜੀਵਨ ਦੀ ਅਸਲ ਖ਼ੂਬਸੂਰਤੀ ਨੂੰ ਗੁਆ ਬੈਠਦੇ ਹਾਂ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਆਪਣੀ ਸੋਚ ਨੂੰ ਬਦਲ ਕੇ ਜ਼ਿੰਦਗੀ ਨੂੰ ਇੱਕ ਨਵੇਂ ਨਜ਼ਰੀਏ ਨਾਲ ਦੇਖੀਏ।

ਚਿੰਤਾ ਅਤੇ ਤਣਾਓ—ਸਾਡੇ ਮਨ ਦੇ ਦੁਸ਼ਮਣ

ਚਿੰਤਾ ਇੱਕ ਐਸੀ ਅਵਸਥਾ ਹੈ ਜੋ ਸਾਡੇ ਮਨ ਨੂੰ ਅੰਦਰੋਂ ਖੋਕਲਾ ਕਰ ਦਿੰਦੀ ਹੈ। ਇਹ ਅਕਸਰ ਉਹਨਾਂ ਗੱਲਾਂ ਬਾਰੇ ਹੁੰਦੀ ਹੈ ਜੋ ਹਜੇ ਹੋਈਆਂ ਹੀ ਨਹੀਂ ਹੁੰਦੀਆਂ। ਅਸੀਂ ਭਵਿੱਖ ਦੇ ਡਰ ਨਾਲ ਆਪਣੇ ਵਰਤਮਾਨ ਨੂੰ ਖਰਾਬ ਕਰ ਲੈਂਦੇ ਹਾਂ। ਤਣਾਓ ਵੀ ਇਸੇ ਤਰ੍ਹਾਂ ਸਾਡੇ ਮਨ ਤੇ ਸਰੀਰ ਦੋਵਾਂ ਨੂੰ ਪ੍ਰਭਾਵਿਤ ਕਰਦਾ ਹੈ। ਲੰਬੇ ਸਮੇਂ ਤੱਕ ਤਣਾਓ ਵਿੱਚ ਰਹਿਣ ਨਾਲ ਸਿਹਤ ‘ਤੇ ਵੀ ਨਕਾਰਾਤਮਕ ਅਸਰ ਪੈਂਦਾ ਹੈ।

ਪਰ ਸਵਾਲ ਇਹ ਹੈ ਕਿ ਕੀ ਚਿੰਤਾ ਅਤੇ ਤਣਾਓ ਸਾਡੇ ਸਮੱਸਿਆਵਾਂ ਦਾ ਹੱਲ ਹਨ? ਬਿਲਕੁਲ ਨਹੀਂ। ਇਹ ਸਿਰਫ਼ ਸਾਡੇ ਮਨ ਨੂੰ ਭਟਕਾਉਂਦੇ ਹਨ ਅਤੇ ਸਾਡੀ ਸੋਚਣ ਦੀ ਸਮਰੱਥਾ ਨੂੰ ਘਟਾਉਂਦੇ ਹਨ। ਜਦੋਂ ਮਨ ਸ਼ਾਂਤ ਹੁੰਦਾ ਹੈ, ਤਦ ਹੀ ਅਸੀਂ ਸਹੀ ਫ਼ੈਸਲੇ ਲੈ ਸਕਦੇ ਹਾਂ। ਇਸ ਲਈ ਚਿੰਤਾ ਨੂੰ ਛੱਡਣਾ ਅਤੇ ਮਨ ਨੂੰ ਸ਼ਾਂਤ ਰੱਖਣਾ ਬਹੁਤ ਜ਼ਰੂਰੀ ਹੈ।

**ਸੋਚ ਬਦਲੋ—ਜ਼ਿੰਦਗੀ ਬਦਲ ਜਾਏਗੀ**

ਜ਼ਿੰਦਗੀ ਵਿੱਚ ਸਭ ਕੁਝ ਸਾਡੇ ਨਜ਼ਰੀਏ ‘ਤੇ ਨਿਰਭਰ ਕਰਦਾ ਹੈ। ਇੱਕ ਹੀ ਹਾਲਤ ਵਿੱਚ ਦੋ ਵੱਖਰੇ ਲੋਕ ਵੱਖਰੀ ਪ੍ਰਤੀਕ੍ਰਿਆ ਦੇ ਸਕਦੇ ਹਨ। ਇੱਕ ਵਿਅਕਤੀ ਮੁਸ਼ਕਲਾਂ ਨੂੰ ਬੋਝ ਸਮਝਦਾ ਹੈ, ਜਦਕਿ ਦੂਜਾ ਉਨ੍ਹਾਂ ਨੂੰ ਸਿੱਖਣ ਦਾ ਮੌਕਾ ਮੰਨਦਾ ਹੈ। ਜੇ ਅਸੀਂ ਹਰ ਹਾਲਤ ਵਿੱਚ ਚੰਗਾ ਪੱਖ ਵੇਖਣਾ ਸਿੱਖ ਲਈਏ, ਤਾਂ ਜੀਵਨ ਆਪਣੇ ਆਪ ਸੁਖਦਾਈ ਬਣ ਜਾਂਦਾ ਹੈ।

ਸਕਾਰਾਤਮਕ ਸੋਚ ਸਿਰਫ਼ ਇੱਕ ਸ਼ਬਦ ਨਹੀਂ, ਬਲਕਿ ਇੱਕ ਜੀਵਨ ਸ਼ੈਲੀ ਹੈ। ਜਦੋਂ ਅਸੀਂ ਆਪਣੇ ਮਨ ਨੂੰ ਨਕਾਰਾਤਮਕ ਵਿਚਾਰਾਂ ਤੋਂ ਦੂਰ ਰੱਖਦੇ ਹਾਂ ਅਤੇ ਹਰ ਸਥਿਤੀ ਵਿੱਚ ਆਸ ਲੱਭਦੇ ਹਾਂ, ਤਾਂ ਅਸੀਂ ਆਪਣੇ ਆਪ ਨੂੰ ਤਣਾਓ ਤੋਂ ਬਚਾ ਸਕਦੇ ਹਾਂ। ਇਹ ਸਾਨੂੰ ਨਾ ਸਿਰਫ਼ ਖੁਸ਼ ਰੱਖਦਾ ਹੈ, ਬਲਕਿ ਸਾਡੇ ਆਸ-ਪਾਸ ਦੇ ਲੋਕਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ।



**ਵਰਤਮਾਨ ਵਿੱਚ ਜੀਣਾ—ਖੁਸ਼ੀ ਦਾ ਰਾਜ**

ਅਕਸਰ ਲੋਕ ਭੂਤਕਾਲ ਦੀਆਂ ਗਲਤੀਆਂ ‘ਤੇ ਪਛਤਾਉਂਦੇ ਰਹਿੰਦੇ ਹਨ ਜਾਂ ਭਵਿੱਖ ਦੀ ਚਿੰਤਾ ਵਿੱਚ ਘੁਲਦੇ ਰਹਿੰਦੇ ਹਨ। ਇਸ ਕਰਕੇ ਉਹ ਵਰਤਮਾਨ ਦੇ ਸੋਹਣੇ ਪਲਾਂ ਨੂੰ ਗਵਾ ਬੈਠਦੇ ਹਨ। ਜਦਕਿ ਸੱਚਾਈ ਇਹ ਹੈ ਕਿ ਸਾਡੇ ਕੋਲ ਸਿਰਫ਼ ਵਰਤਮਾਨ ਹੀ ਹੈ। ਭੂਤਕਾਲ ਬੀਤ ਚੁੱਕਾ ਹੈ ਅਤੇ ਭਵਿੱਖ ਅਣਜਾਣ ਹੈ।

ਜੇ ਅਸੀਂ ਹਰ ਪਲ ਨੂੰ ਪੂਰੀ ਤਰ੍ਹਾਂ ਜੀਣਾ ਸਿੱਖ ਲਈਏ, ਤਾਂ ਸਾਨੂੰ ਜੀਵਨ ਵਿੱਚ ਅਸਲ ਖੁਸ਼ੀ ਮਿਲ ਸਕਦੀ ਹੈ। ਸਵੇਰ ਦੀ ਤਾਜ਼ਗੀ, ਪੰਛੀਆਂ ਦੀ ਚਹਚਹਾਹਟ, ਪਰਿਵਾਰ ਦੇ ਨਾਲ ਬਿਤਾਇਆ ਸਮਾਂ—ਇਹ ਸਾਰੇ ਛੋਟੇ-ਛੋਟੇ ਪਲ ਹੀ ਜੀਵਨ ਨੂੰ ਖ਼ੂਬਸੂਰਤ ਬਣਾਉਂਦੇ ਹਨ।

**ਰਿਸ਼ਤਿਆਂ ਦੀ ਅਹਿਮੀਅਤ**

ਇਨਸਾਨ ਇੱਕ ਸਮਾਜਿਕ ਜੀਵ ਹੈ ਅਤੇ ਰਿਸ਼ਤੇ ਉਸਦੀ ਜ਼ਿੰਦਗੀ ਦਾ ਮਹੱਤਵਪੂਰਨ ਹਿੱਸਾ ਹਨ। ਪਰ ਅੱਜ ਦੇ ਦੌਰ ਵਿੱਚ ਲੋਕ ਰਿਸ਼ਤਿਆਂ ਨੂੰ ਸਮਾਂ ਦੇਣਾ ਭੁੱਲ ਗਏ ਹਨ। ਅਸੀਂ ਆਪਣੇ ਕੰਮਾਂ ਵਿੱਚ ਇੰਨੇ ਵਿਆਸਤ ਹੋ ਗਏ ਹਾਂ ਕਿ ਆਪਣੇ ਪਿਆਰੇ ਲੋਕਾਂ ਨਾਲ ਬੈਠ ਕੇ ਗੱਲ ਕਰਨ ਲਈ ਵੀ ਸਮਾਂ ਨਹੀਂ ਕੱਢਦੇ।

ਰਿਸ਼ਤੇ ਸਿਰਫ਼ ਖ਼ੂਨ ਦੇ ਨਹੀਂ ਹੁੰਦੇ, ਬਲਕਿ ਦਿਲ ਦੇ ਹੁੰਦੇ ਹਨ। ਜਦੋਂ ਅਸੀਂ ਆਪਣੇ ਦੋਸਤਾਂ, ਪਰਿਵਾਰ ਅਤੇ ਸਾਥੀਆਂ ਨਾਲ ਖੁਸ਼ੀਆਂ ਸਾਂਝੀਆਂ ਕਰਦੇ ਹਾਂ, ਤਾਂ ਸਾਡਾ ਮਨ ਹਲਕਾ ਹੋ ਜਾਂਦਾ ਹੈ। ਇਹ ਸਾਨੂੰ ਤਣਾਓ ਤੋਂ ਦੂਰ ਰੱਖਦੇ ਹਨ ਅਤੇ ਜੀਵਨ ਨੂੰ ਖੁਸ਼ਗਵਾਰ ਬਣਾਉਂਦੇ ਹਨ।

ਆਪਣੇ ਲਈ ਸਮਾਂ ਕੱਢੋ

ਬਹੁਤ ਵਾਰੀ ਅਸੀਂ ਦੂਜਿਆਂ ਦੀਆਂ ਉਮੀਦਾਂ ਨੂੰ ਪੂਰਾ ਕਰਨ ਵਿੱਚ ਆਪਣੇ ਆਪ ਨੂੰ ਭੁੱਲ ਜਾਂਦੇ ਹਾਂ। ਅਸੀਂ ਆਪਣੇ ਮਨ ਦੀਆਂ ਇੱਛਾਵਾਂ ਨੂੰ ਦਬਾ ਦਿੰਦੇ ਹਾਂ ਅਤੇ ਸਿਰਫ਼ ਫ਼ਰਜ਼ਾਂ ਨੂੰ ਨਿਭਾਉਣ ਵਿੱਚ ਲੱਗੇ ਰਹਿੰਦੇ ਹਾਂ। ਪਰ ਇਹ ਵੀ ਜ਼ਰੂਰੀ ਹੈ ਕਿ ਅਸੀਂ ਆਪਣੇ ਲਈ ਵੀ ਸਮਾਂ ਕੱਢੀਏ।

ਆਪਣੇ ਸ਼ੌਕਾਂ ਨੂੰ ਜਗਾਉਣਾ, ਨਵੀਆਂ ਚੀਜ਼ਾਂ ਸਿੱਖਣਾ, ਕਿਤਾਬਾਂ ਪੜ੍ਹਨਾ ਜਾਂ ਕੁਦਰਤ ਦੇ ਨਾਲ ਸਮਾਂ ਬਿਤਾਉਣਾ—ਇਹ ਸਾਰੇ ਕੰਮ ਸਾਡੇ ਮਨ ਨੂੰ ਤਾਜ਼ਗੀ ਦਿੰਦੇ ਹਨ। ਜਦੋਂ ਅਸੀਂ ਆਪਣੇ ਆਪ ਨਾਲ ਖੁਸ਼ ਹੁੰਦੇ ਹਾਂ, ਤਾਂ ਹੀ ਅਸੀਂ ਦੂਜਿਆਂ ਨੂੰ ਖੁਸ਼ੀ ਦੇ ਸਕਦੇ ਹਾਂ।

**ਅਸਫਲਤਾ ਤੋਂ ਸਿੱਖੋ**

ਜ਼ਿੰਦਗੀ ਵਿੱਚ ਅਸਫਲਤਾ ਆਉਣਾ ਸਵਭਾਵਿਕ ਹੈ। ਕੋਈ ਵੀ ਮਨੁੱਖ ਸਦਾ ਸਫਲ ਨਹੀਂ ਰਹਿੰਦਾ। ਪਰ ਸਵਾਲ ਇਹ ਹੈ ਕਿ ਅਸੀਂ ਅਸਫਲਤਾ ਨੂੰ ਕਿਵੇਂ ਦੇਖਦੇ ਹਾਂ। ਜੇ ਅਸੀਂ ਇਸਨੂੰ ਅੰਤ ਮੰਨ ਲਈਏ, ਤਾਂ ਅਸੀਂ ਅੱਗੇ ਨਹੀਂ ਵੱਧ ਸਕਦੇ। ਪਰ ਜੇ ਅਸੀਂ ਇਸਨੂੰ ਸਿੱਖਣ ਦਾ ਮੌਕਾ ਮੰਨ ਲਈਏ, ਤਾਂ ਇਹ ਸਾਨੂੰ ਹੋਰ ਮਜ਼ਬੂਤ ਬਣਾਉਂਦੀ ਹੈ।

ਹਰ ਅਸਫਲਤਾ ਸਾਨੂੰ ਕੁਝ ਨਵਾਂ ਸਿਖਾਉਂਦੀ ਹੈ। ਇਹ ਸਾਨੂੰ ਦੱਸਦੀ ਹੈ ਕਿ ਕਿੱਥੇ ਗਲਤੀ ਹੋਈ ਅਤੇ ਕਿਵੇਂ ਸੁਧਾਰ ਕੀਤਾ ਜਾ ਸਕਦਾ ਹੈ। ਇਸ ਲਈ ਅਸਫਲਤਾ ਤੋਂ ਡਰਨਾ ਨਹੀਂ, ਬਲਕਿ ਇਸਨੂੰ ਗਲੇ ਲਗਾਉਣਾ ਸਿੱਖੋ।

ਸਿਹਤ—ਸਭ ਤੋਂ ਵੱਡੀ ਦੌਲਤ

ਸਰੀਰਕ ਅਤੇ ਮਾਨਸਿਕ ਸਿਹਤ ਦੋਵਾਂ ਹੀ ਬਹੁਤ ਮਹੱਤਵਪੂਰਨ ਹਨ। ਜੇ ਸਾਡਾ ਸਰੀਰ ਤੰਦਰੁਸਤ ਨਹੀਂ, ਤਾਂ ਅਸੀਂ ਜੀਵਨ ਦੀਆਂ ਖੁਸ਼ੀਆਂ ਦਾ ਅਨੰਦ ਨਹੀਂ ਮਾਣ ਸਕਦੇ। ਇਸ ਲਈ ਸਿਹਤ ਦਾ ਖ਼ਿਆਲ ਰੱਖਣਾ ਬਹੁਤ ਜ਼ਰੂਰੀ ਹੈ।

ਸੰਤੁਲਿਤ ਖੁਰਾਕ, ਨਿਯਮਿਤ ਕਸਰਤ ਅਤੇ ਪੂਰੀ ਨੀਂਦ—ਇਹ ਸਾਰੇ ਤੱਤ ਸਾਡੇ ਸਰੀਰ ਨੂੰ ਤੰਦਰੁਸਤ ਰੱਖਦੇ ਹਨ। ਨਾਲ ਹੀ, ਧਿਆਨ (ਮੈਡੀਟੇਸ਼ਨ) ਅਤੇ ਯੋਗਾ ਸਾਡੇ ਮਨ ਨੂੰ ਸ਼ਾਂਤ ਰੱਖਣ ਵਿੱਚ ਮਦਦ ਕਰਦੇ ਹਨ।

ਸ਼ੁਕਰਗੁਜ਼ਾਰੀ—ਖੁਸ਼ੀ ਦੀ ਕੁੰਜੀ

ਅਸੀਂ ਅਕਸਰ ਉਹਨਾਂ ਚੀਜ਼ਾਂ ‘ਤੇ ਧਿਆਨ ਦਿੰਦੇ ਹਾਂ ਜੋ ਸਾਡੇ ਕੋਲ ਨਹੀਂ ਹੁੰਦੀਆਂ, ਪਰ ਜੋ ਸਾਡੇ ਕੋਲ ਹੈ ਉਸ ਲਈ ਸ਼ੁਕਰਗੁਜ਼ਾਰ ਨਹੀਂ ਹੁੰਦੇ। ਜਦੋਂ ਅਸੀਂ ਆਪਣੇ ਜੀਵਨ ਵਿੱਚ ਮੌਜੂਦ ਚੀਜ਼ਾਂ ਦੀ ਕਦਰ ਕਰਨਾ ਸਿੱਖ ਲੈਂਦੇ ਹਾਂ, ਤਾਂ ਸਾਨੂੰ ਅਸਲ ਖੁਸ਼ੀ ਮਿਲਦੀ ਹੈ। ਹਰ ਰੋਜ਼ ਕੁਝ ਪਲਾਂ ਲਈ ਇਹ ਸੋਚੋ ਕਿ ਤੁਹਾਡੇ ਕੋਲ ਕੀ ਕੁਝ ਹੈ—ਪਰਿਵਾਰ, ਦੋਸਤ, ਸਿਹਤ, ਸਿੱਖਿਆ—ਇਹ ਸਾਰੇ ਇੱਕ ਵੱਡੀ ਦੌਲਤ ਹਨ। ਸ਼ੁਕਰਗੁਜ਼ਾਰੀ ਸਾਡੇ ਮਨ ਨੂੰ ਸੰਤੁਸ਼ਟੀ ਦਿੰਦੀ ਹੈ ਅਤੇ ਚਿੰਤਾ ਨੂੰ ਘਟਾਉਂਦੀ ਹੈ।

ਨਤੀਜਾ

ਜ਼ਿੰਦਗੀ ਇੱਕ ਅਨਮੋਲ ਤੋਹਫ਼ਾ ਹੈ। ਇਸਨੂੰ ਚਿੰਤਾ ਅਤੇ ਤਣਾਓ ਵਿੱਚ ਬਰਬਾਦ ਕਰਨ ਦੀ ਬਜਾਏ, ਇਸਨੂੰ ਖੁਸ਼ੀ ਨਾਲ ਜੀਣਾ ਚਾਹੀਦਾ ਹੈ। ਜਦੋਂ ਅਸੀਂ ਆਪਣੇ ਨਜ਼ਰੀਏ ਨੂੰ ਬਦਲਦੇ ਹਾਂ, ਵਰਤਮਾਨ ਵਿੱਚ ਜੀਣਾ ਸਿੱਖਦੇ ਹਾਂ, ਰਿਸ਼ਤਿਆਂ ਨੂੰ ਮਹੱਤਵ ਦਿੰਦੇ ਹਾਂ ਅਤੇ ਆਪਣੇ ਮਨ ਨੂੰ ਸ਼ਾਂਤ ਰੱਖਦੇ ਹਾਂ, ਤਾਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਜ਼ਿੰਦਗੀ ਸਚਮੁਚ ਬਹੁਤ ਖ਼ੂਬਸੂਰਤ ਹੈ।

ਇਸ ਲਈ—ਚਿੰਤਾ ਛੱਡੋ, ਮੁਸਕਰਾਉਣਾ ਸਿੱਖੋ ਅਤੇ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਜੀਓ।

**ਗੁਰਭਿੰਦਰ ਗੁਰੀ**



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**